SATJUG
1920 ਤੋਂ ਸਾਲ 98 ਵਾਂ

Price:Rs.5/-

# ਸਤਜੁਗ

ਸਤਜੁਗਿ ਸਚੁ ਕਹੈ ਸਭੁ ਕੋਈ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

੧੬ ਤੋਂ ੨੯ ਪੋਹ ੨੦੭੫
31 Dec. 2018 To 13 Jan. 2019

ਜਿਲਦ 26
ਨੰਬਰ 29
Total Pages 48



ਜੇ ਪਿਤਾ ਹਿੰਦ ਦੀ ਚਾਦਰ ਸੀ, ਤੇ ਹਿੰਦ ਦੀ ਜਿੰਦ ਗੋਬਿੰਦ ਗੁਰੂ।
ਮਿੱਤਰ-ਗਣ ਲਈ ਬਿੰਦ ਅੰਮ੍ਰਿਤ ਦੀ, ਸ਼ਤਰੂ-ਗਣ ਲਈ ਮ੍ਰਿਗਿੰਦ ਗੁਰੂ।
ਰਣ ਤੱਤੇ ਦੇ ਵਿੱਚ ਵਜ਼ਰ ਗੁਰੂ, ਵਿੱਚ ਕੋਮਲਤਾ ਅਰਬਿੰਦ ਗੁਰੂ।
ਦੂਤਾਂ ਲਈ ਸੂਈ ਦਾ ਨੱਕਾ, ਤੇ ਸੰਤਾਂ ਦੇ ਲਈ ਸਿੰਧ ਗੁਰੂ।
'ਸੰਤਾਂ ਮਾਨੋਂ ਦੂਤਾਂ ਡਾਨੋਂ' ਦਾ ਨਾਹਰਾ ਲਾ ਕੇ ਕੌਣ ਆਇਆ?
ਗੋਬਿੰਦ ਗੁਰੂ! ਗੋਬਿੰਦ ਗੁਰੂ!!

## 9 ਦਿਸੰਬਰ 2018. ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵ ਵਿਦਿਆਲਾ ਵਾਰਾਨਸੀ ਵਿਖੇ 'ਸਤਿਗੁਰੂ ਰਾਮ ਸਿੰਘ ਪੀਠ' ਵੱਲੋਂ ਇੱਕ ਰੋਜਾ ਸੈਮੀਨਾਰ ਦੀਆਂ ਝਲਕੀਆਂ



ਦੀਪ ਪ੍ਰਜਵਲਿਤ: ਸ੍ਰੀ ਸਤਿਗੁਰੂ ਜੀ, ਵੀ.ਸੀ. ਰਾਜਾ ਰਾਮ ਸ਼ੁਕਲ



ਮੰਚ ਤੇ ਸੁਭਾਇਮਾਨ: ਸ੍ਰੀ ਸਤਿਗੁਰੂ ਜੀ,
ਉਪ ਕੁਲਪਤੀ ਅਤੇ ਪਤਵੰਤੇ ਸੱਜਣ




ਚੇਅਰ ਪਰਸਨ ਬੀਬੀ ਰੇਨੂੰ ਦਿਵੇਦੀ ਨੂੰ ਸਿਰਪਾਓ



ਸ੍ਰੀ ਸਤਿਗੁਰੂ ਜੀ ਦੁਆਰਾ ਉਪ ਕੁਲਪਤੀ ਨੂੰ ਸਿਰਪਾਓ



ਖੱਬਿਓਂ-ਸੱਜੇ: ਸਵਾਮੀ ਚੈਤੰਨਪੁਰੀ, ਨੀਲ ਕੰਠ ਤਿਵਾਰੀ, ਹਰਪਾਲ ਸਿੰਘ ਸੇਵਕ, ਗੁਰੂਬਚਨ ਸਿੰਘ,
ਯਾਦਵਿੰਦਰ ਸਿੰਘ, ਰਾਜਾ ਰਾਮ ਸ਼ੁਕਲ, ਸੁਰਜੀਤ ਸਿੰਘ ਜੋਬਨ।



ਸੈਮੀਨਾਰ ਦੌਰਾਨ ਸ੍ਰੋਤਾ ਮੰਡਲ



ਵਿਦਿਆਲਾ ਦੇ ਕੰਪਲੈਕਸ ਵਿੱਚ ਸ੍ਰੀ ਸਤਿਗੁਰੂ ਜੀ
ਨਾਲ ਉਪ ਕੁਲਪਤੀ ਜੀ ਅਤੇ ਸੇਵਕ

# ਸਤਿਜੁਗ

੧੬ ਤੋਂ ੨੯ ਪੋਹ ੨੦੭੫ ਬਿ੍.
31 ਦਸੰਬਰ 2018 ਤੋਂ 13 ਜਨਵਰੀ 2019 ਈ:
ਜਿਲਦ 26, ਵੀਰਵਾਰ ਨੰਬਰ 29

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

Editorial Board:

*Harvinder Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*

*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

**Date of Publication: 26-12-2018,**
**Date of Posting: 27-28 Dec. 2018**
**Posted at PSO New Delhi-110001**

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

**Account Name: Vishav Namdhari Sangat**
**A/c: 13101450000043**
**Ifsc code: HDFC0001310**

ਇਕ ਸਾਲ : ਦੇਸ - 300 ਰੁ:, ਪ੍ਰਦੇਸ- 100$ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 400$ ਡਾਲਰ

**Designed and Typeset**
**Vishav Namdhari sangat, Sri Bhaini sahib**
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099
70713-63000

# ਤਤਕਰਾ

* ਸੰਪਾਦਕੀ-- ਹਿੰਦ ਦੀ ਜਿੰਦ ਗੋਬਿੰਦ ਗੁਰੂ......
ਸੇਵਕ ਹਰਪਾਲ ਸਿੰਘ......................................4
* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ......................6
* ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ........................6
* ਜ਼ਫ਼ਰਨਾਮਾ: ਇੱਕ ਨੈਤਿਕ ਪ੍ਰਵਚਨ
ਵਨੀਤ ਕੌਰ ......................................7
* 1857 ਵਿੱਚ ਲੜਨ ਵਾਲਾ ਅਜੀਤ ਸਿੰਘ ਪਮਾਲੀ
ਜਸਦੇਵ ਸਿੰਘ ਲਲਤੋਂ ...............................11
* ਫਾਇਦੇ ਮੂਲੀ ਦੇ
ਸੋਮਦੇਵ ਆਰੀਆ .................................12
** Satguru Jagjit Singh Ji's Welcome........*
*Navjot Kaur .............................................13*
* *A Saga Of Sri Satguru Jagjit Singh ji*
*Dr. Sharada Jayagovind...............................15*
** The Saline Sea:...........*
*Ajmer Singh .........................................17*
* ਕਾਵਿ ਕਿਆਰੀ .................................................22
* ਅੜਬੰਗੀ (ਨਾਵਲ)
ਸੰਤ ਇੰਦਰ ਸਿੰਘ ਚੱਕ੍ਰਵਰਤੀ........................24
* ਸੁੱਚੇ ਮੋਤੀ .....................................................26
* ਬੱਚਿਆਂ ਦਾ ਪੰਨਾ.................................................27
* ਖ਼ਬਰਨਾਮਾ........................................................28

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ | ੧੯੭੭ ਬਿ. (1920 ਈ:) ਤੋਂ ਸਥਾਪਿਤ
ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ।    ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

# ਹਿੰਦ ਦੀ ਜਿੰਦ ਗੋਬਿੰਦ ਗੁਰੂ.....

ਪੰਜਾਬੀ ਦੇ ਪ੍ਰਸਿੱਧ ਕਵੀ ਪ੍ਰੋ. ਮੋਹਨ ਸਿੰਘ ਦੀਆਂ ਸਾਹਿਬ ਕਲਗੀਧਰ ਪਾਤਸ਼ਾਹ ਦੀ ਉਸਤਤ ਵਿੱਚ ਲਿਖੀਆਂ ਕਾਵਿਕ ਸਤਰਾਂ ਕਿੰਨੀਆਂ ਢੁੱਕਵੀਆਂ ਹਨ:

ਜੇ ਪਿਤਾ ਹਿੰਦ ਦੀ ਚਾਦਰ ਹੈ, ਤੇ ਹਿੰਦ ਦੀ ਜਿੰਦ ਗੋਬਿੰਦ ਗੁਰੂ.....

ਸੱਚਮੁੱਚ ਹੀ ਹਿੰਦਵਾਸੀ ਨਿਰਜਿੰਦ ਹੋ ਚੁੱਕੇ ਸਨ। ਸਦੀਆਂ ਤੋਂ ਗੁਲਾਮੀ ਦਾ ਜੀਵਨ ਹੰਢਾ ਰਹੇ ਭਾਰਤ ਵਾਸੀਆਂ ਦੀ ਅਣਖ ਮਰ ਚੁੱਕੀ ਸੀ, ਗੁਲਾਮੀ ਨੂੰ ਵਿਰਸੇ ਵਿੱਚ ਮਿਲੀ ਮਜ਼ਬੂਰੀ ਸਮਝ ਬੈਠੇ ਸਨ। ਆਜ਼ਾਦੀ ਦਾ ਸੰਕਲਪ ਹੀ ਖ਼ਤਮ ਹੋ ਚੁੱਕਾ ਸੀ। ਜੇ ਕਿਤੇ ਅਣਖ ਦਾ ਬੀਜ਼ ਸੀ ਤਾਂ ਉਹ ਗੱਦਾਰੀਆਂ ਦੀ ਭੇਟ ਚੜ੍ਹ ਰਿਹਾ ਸੀ। ਮੁਹੰਮਦ ਗੌਰੀ, ਤੈਮੂਰ, ਬਾਬਰ, ਅਬਦਾਲੀ ਆਦਿ ਜਿਸ ਲੁਟੇਰੇ ਦਾ ਜੀਅ ਕਰਦਾ ਕੇਵਲ ਹਜ਼ਾਰਾਂ ਦੀ ਗਿਣਤੀ ਵਿੱਚ ਸਿਪਾਹੀ ਲੈ ਕੇ ਲੱਖਾਂ ਭਾਰਤੀਆਂ ਨੂੰ ਲਤਾੜਦਾ ਹੋਇਆ ਆਉਂਦਾ, ਧਨ ਦੌਲਤ ਲੁੱਟਦਾ, ਏਥੋਂ ਦੀਆਂ ਧੀਆਂ ਭੈਣਾਂ ਨੂੰ ਪਸ਼ੂਆਂ ਵਾਂਗ ਹਿੱਕ ਕੇ ਲੈ ਜਾਂਦਾ ਅਤੇ ਆਪਣੇ ਦੇਸ਼ ਦੇ ਬਜ਼ਾਰਾਂ ਵਿੱਚ ਵੇਚਦਾ। ਪਰ ਨਾ ਕਿਸੇ ਭੀਮ ਦੇ ਡੌਲੇ ਫਰਕਦੇ। ਕੋਈ ਮਾਵਾਂ ਪੋਰਸ ਨਾ ਜੰਮਦੀਆਂ। ਭਾਰਤ ਵਾਸੀ ਗੁਲਾਮੀ ਵਿੱਚ ਹੀ ਜੰਮਦੇ ਅਤੇ ਗੁਲਾਮੀ ਦੇ ਅਉਧ ਹੰਢਾਉਂਦੇ।

ਇਸਦਾ ਕਾਰਨ ਭਾਰਤ ਵਾਸੀ ਜੀਵਨ ਵਿੱਚ ਪ੍ਰਚਲਿਤ ਧਰਮ ਦਾ ਵਿਗੜਿਆ ਰੂਪ ਸੀ। ਧਰਮ ਕੇਵਲ ਕਰਮ ਕਾਂਡ, ਉਲਝਣ ਜਾਂ ਗੁੰਝਲਦਾਰ ਬੁਝਾਰਤ ਬਣ ਚੁੱਕਾ ਸੀ। ਸਵਰਗ ਦਾ ਲੋਭ ਅਤੇ ਨਰਕ ਦਾ ਡਰ ਹੀ ਧਰਮ ਦਾ ਸਾਰ ਸਮਝਿਆ ਜਾਂਦਾ ਸੀ, ਜੀਵਨ ਦਾ ਯਥਾਰਥ ਅਲੋਪ ਹੋ ਚੁੱਕਾ ਸੀ। ਵਰਣ ਵੰਡ ਵੀ ਗੁਲਾਮੀ ਦਾ ਮੁੱਖ ਕਾਰਨ ਸੀ- ਬ੍ਰਾਹਮਣ, ਛੱਤਰੀ, ਵੈਸ਼ ਅਤੇ ਸ਼ੂਦਰ ਇਨਾਂ ਚਾਰਾਂ ਭਾਗਾਂ ’ਚੋਂ ਸਿਰਮੌਰ ਸਨ ਬ੍ਰਾਹਮਣ ਜਿਨ੍ਹਾਂ ਦਾ ਕੰਮ ਵੇਦ ਪਾਠ ਅਤੇ ਧਾਰਮਿਕ ਰਸਮਾਂ ਪੂਰੀਆਂ ਕਰਨਾ ਸੀ। ਵੈਸ਼ ਅਤੇ ਸ਼ੂਦਰ ਗੁਲਾਮਾਂ ਦਾ ਜੀਵਨ ਬਤੀਤ ਕਰਦੇ ਸਨ, ਬ੍ਰਾਹਮਣਾਂ ਅਤੇ ਛੱਤਰੀਆਂ ਦੇ ਗੁਲਾਮ। ਉਨ੍ਹਾਂ ਨੂੰ ਕੋਈ ਫਰਕ ਨਹੀਂ ਸੀ ਪੈਂਦਾ, ਦੇਸ਼ ਦਾ ਰਾਜਾ ਆਪਣੇ ਦੇਸ਼ ਦਾ ਹੋਵੇ ਜਾਂ ਵਿਦੇਸ਼ੀ। ਸਮਾਜ ਦੇ ਸਿਰਫ ਇੱਕ ਭਾਗ ਛੱਤਰੀਆਂ ਦਾ ਹੀ ਕਰਮ ਸੀ ਯੁੱਧ ਕਰਨਾ। ਸਮੁੱਚੇ ਸਮਾਜ ਦੇ ਤਿੰਨ ਹਿੱਸੇ ਅਜਿਹੇ ਸਨ ਕਿ ਆਪਣੇ ਦੇਸ਼ ਦੀ ਰੱਖਿਆ ਲਈ ਜੂਝਣਾ ਉਨ੍ਹਾਂ ਦੀ ਸੋਚ ਦਾ ਹਿੱਸਾ ਹੀ ਨਹੀਂ ਸੀ। ਇਸ ਤੋਂ ਬਿਨਾਂ ਸਮੁੱਚੇ ਸਮਾਜ ਦਾ ਅੱਧਾ ਭਾਗ, ਮਨੁੱਖ ਦੀ ਅਰਧਾਂਗਣੀ, ਇਸਤਰੀ ਤਾਂ ਆਪਣੇ ਹੀ ਮਰਦ ਪ੍ਰਧਾਨ ਸਮਾਜ ਦੇ ਸੰਕੀਰਣ ਰਸਮੋ-ਰਿਵਾਜਾਂ ਦੀ ਗੁਲਾਮ ਸੀ। ਔਰਤ ਦੀ ਹੋਂਦ ਪਸ਼ੂਆਂ ਜਾਂ ਜਿਨਸ ਵਾਂਗ ਸੀ ਉਸਨੂੰ ਅਪਵਿੱਤਰ ਵਸਤੂ ਅਤੇ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਇੱਕ ਗੁਲਾਮ ਮਾਂ ਨੇ ਸੂਰਮੇ ਪੁੱਤ ਕਿੱਥੋਂ ਜੰਮਣੇ ਸਨ। ਔਰਤਾਂ ਵੀ ਯੁੱਧ ਵਿੱਚ ਹਿੱਸਾ ਨਹੀਂ ਸਨ ਲੈ ਸਕਦੀਆਂ। ਸਗੋਂ ਉਨ੍ਹਾਂ ਦੀ ਸੁਰੱਖਿਆ ਵੀ ਆਦਮੀਆਂ ਤੇ ਹੀ ਨਿਰਭਰ ਸੀ। ਅਜੇਹੇ ਨਿਰਜਿੰਦ ਹੋ ਚੁੱਕੇ ਭਾਰਤ ਵਾਸੀਆਂ ਤੇ ਜ਼ਾਲਮ ਲੁਟੇਰੇ ਵਿਦੇਸ਼ੀਆਂ ਨੂੰ ਰਾਜ ਕਰਨਾ ਕੀ ਔਖਾ ਸੀ। ਅਜਿਹੇ ਅਧੋਗਤੀ ਦੇ ਸਮੇਂ ਬਾਰੇ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ-

ਤੁਰਕ ਹੋਵਨਾ ਜਿਨੈ ਨਾ ਸਾਨਿਓਂ। ਤਿਨ ਤਿਨ ਕਉ ਅਤਿ ਦੈ ਦੁਖ ਗਨਿਓਂ।
ਸੁੰਦਰ ਪਿਖੈਂ ਜਾਂਹਿ ਕੀ ਤਰੁਨੀ। ਪਕੜ ਕਰੈ ਬਲ ਸੋ ਨਿਜ ਘਰਣੀ।
ਕਾਜੀ ਰਿਸ਼ਵਤ ਲੇ ਕਰ ਸਾਰੇ। ਸਾਚੇ ਕੋ ਝੂਠਾ ਕਰ ਡਾਰੇ।

ਅਜੇਹੇ ਅੰਧਕਾਰ ਦੀ ਬੋਲੀ ਰਾਤ ਸਮੇਂ ਨਾਨਕ ਨਾਮ ਦਾ ਸੂਰਜ ਚੜ੍ਹਿਆ।

ਇਸ ਸਮੇਂ ਬਾਰੇ ਗੁਰੂ ਨਾਨਕ ਦੇਵ ਜੀ ਆਪ ਲਿਖਦੇ ਹਨ-

ਕੂੜ ਅਮਾਵਸ ਸਚੁ ਚੰਦ੍ਰਮਾ। ਦੀਸੈ ਨਾਹੀ ਕਹ ਚੜਿਆ।

ਗੁਰੂ ਨਾਨਕ ਦੇਵ ਜੀ ਨੇ ਫੋਕੇ ਕਰਮ-ਕਾਂਡਾਂ ਅਤੇ ਵਹਿਮਾਂ-ਭਰਮਾਂ ਤੋਂ ਵਰਜਿਆ। ਧਰਮ ਦੇ ਯਥਾਰਥ ਦੀ ਸਥਾਪਨਾ ਕੀਤੀ। ਸੱਚੀ ਕਿਰਤ ਕਰਨ, ਵੰਡ ਕੇ ਛਕਣ ਅਤੇ ਪ੍ਰਭੂ ਦੇ ਨਾਮ ਜਪਣ ਦੀ ਪ੍ਰੇਰਣਾ ਦਿੱਤੀ, ਪ੍ਰਭੂ ਪ੍ਰੇਮ ਦੀ ਗੁੜ੍ਹਤੀ ਦਿੱਤੀ ਪਰ ਇਸ ਪ੍ਰੇਮ ਕਸਵੱਟੀ ਦੀ ਪਹਿਲੀ ਸ਼ਰਤ ਸੀ-

ਜਉ ਤਉ ਪ੍ਰੇਮ ਖੇਲਣ ਕਾ ਚਾਉ। ਸਿਰੁ ਧਰਿ ਤਲੀ ਗਲੀ ਮੇਰੀ ਆਉ।

ਗੁਰੂ ਸਾਹਿਬ ਨੇ ਵਹਿਮਾਂ-ਭਰਮਾਂ ਤੋਂ ਮੁਕਤ, ਨਿਰਭਉ, ਨਿਰਵੈਰ ਅਤੇ ਸੱਚਾ, ਸੁੱਚਾ ਪੂਰਨ ਮਨੁੱਖ ਸਿਰਜਿਆ। ਧਰਮਾਂ ਦੀਆਂ ਵਿੱਥਾਂ ਮੇਟੀਆਂ। ਗੁਰੂ ਸਾਹਿਬ ਦੇ ਇੱਕ ਪਾਸੇ ਮੁਸਲਮਾਨ ਰਬਾਬੀ ਭਾਈ ਮਰਦਾਨਾ ਜੀ ਅਤੇ ਦੂਜੇ ਪਾਸੇ ਹਿੰਦੂ ਭਾਈ ਬਾਲਾ ਜੀ ਹੁੰਦੇ, ਗੁਰੂ ਸਾਹਿਬ ਹਿੰਦੂ ਅਤੇ ਮੁਸਲਮਾਨ ਵਿੱਚ ਪੁਲ ਬਣ ਗਏ- 'ਹਿੰਦੂਓਂ ਕੇ ਗੁਰੂ ਅਤੇ ਮੁਸਲਮਾਨੋਂ ਕੇ ਪੀਰ' ਅਖਵਾਏ। ਆਪ ਨੇ ਚਾਰੋਂ ਦਿਸ਼ਾਵਾਂ ਵਿੱਚ ਯਾਤਰਾਵਾਂ (ਉਦਾਸੀਆਂ) ਕੀਤੀਆਂ। ਰਬਾਬ ਦੇ ਮਧੁਰ ਅਲਾਪ ਅਤੇ ਇਲਾਹੀ ਬਾਣੀ ਦੇ ਸੂਰਜੀ ਪ੍ਰਕਾਸ਼ ਸਾਲਾ ਧੁੰਧ ਛਟ ਗਈ। ਗਿਆਨ ਦਾ ਪ੍ਰਕਾਸ਼ ਹੋ ਗਿਆ। ਗੁਰੂ ਨਾਨਕ ਦੇਵ ਜੀ ਅਤੇ ਆਪ ਦੇ ਜ਼ਾ-ਨਸ਼ੀਨ ਸਤਿਗੁਰੂ-ਸਾਹਿਬਾਨ ਨੇ ਤਿਆਗ, ਭਗਤੀ, ਸਮਰਪਣ ਅਤੇ ਕੁਰਬਾਨੀ ਦੇ ਮਾਰਗ ਤੇ ਚੱਲ ਕੇ ਅਜੇਹੇ ਕੀਰਤੀਮਾਨ ਸਥਾਪਿਤ ਕੀਤੇ ਕਿ ਨਿਰਜਿੰਦ ਹਿੰਦ ਵਿੱਚ ਜਿੰਦ ਪੈ ਗਈ, ਸਤਿਗੁਰੂ ਅਰਜਨ ਦੇਵ ਅਤੇ ਸਤਿਗੁਰੂ ਤੇਗ ਬਹਾਦੁਰ ਜੀ ਨੇ ਜ਼ਬਰ ਦਾ ਮੁਕਾਬਲਾ ਸਬਰ ਨਾਲ ਕੀਤਾ। ਕੁਰਬਾਨੀ ਦੀ ਪਿਰਤ ਪਾਈ, ਧਰਮ ਹਿਤ ਅਜਿਹਾ ਅਪੂਰਵ ਸਾਕਾ, 'ਸੀਸੁ ਦੀਆ ਪਰ ਸਿਰਰੁ ਨ ਦੀਆ'-ਗੁਰੂ ਤੇਗ ਬਹਾਦਰ 'ਹਿੰਦ ਦੀ ਚਾਦਰ' ਕਹਿ ਕੇ ਸਤਿਕਾਰੇ ਗਏ। ਭਗਤੀ 'ਚੋਂ ਸ਼ਕਤੀ ਪਰਗਟ ਹੋਈ। ਰਬਾਬ ਦੀ ਤਾਰ ਧਨੁਸ਼ ਦੀ ਬੀਰ ਰਸੀ ਟੁਣਕਾਰ ਬਣੀ। ਸਾਹਿਬ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਹਿੰਦ ਵਾਸੀਆਂ ਵਿੱਚ ਇੱਕ ਸੂਰਬੀਰਤਾ ਦੀ ਅਜੇਹੀ ਰੂਹ ਫੂਕੀ, ਸ਼ੁਭ ਕਰਮ ਜਿਸਦਾ ਸੰਕਲਪ ਸੀ ਅਤੇ 'ਨਿਸਚੈ ਕਰ ਅਪਨੀ ਜੀਤ ਕਰੋਂ', ਜਿਸਦੀ ਪ੍ਰਤਿਗਿਆ ਸੀ। 'ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ' ਦਾ ਸਰਬ ਸਾਂਝਾ ਉਪਦੇਸ਼ ਸੀ। 'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ॥' ਪੂਰਨ ਸੁਤੰਤਰਤਾ ਦੇ ਸੰਕਲਪ ਦੀ ਜਾਗਤ-ਜੋਤ ਸਨ ਸਾਹਿਬ ਕਲਗੀਧਰ ਪਾਤਸ਼ਾਹ ਜਿਨ੍ਹਾਂ ਨੇ ਭਗਵਤ ਗੀਤਾ ਦਾ ਭੁੱਲ ਚੁੱਕਾ ਉਪਦੇਸ਼ ਮੁੜ ਯਾਦ ਕਰਵਾਇਆ। ਚਿੜੀਆਂ ਵਰਗੀ ਸਾਹਸਤ-ਹੀਣ ਹੋ ਚੁੱਕੀ ਕੌਮ ਵਿੱਚ ਬਾਜ ਵਰਗੀ ਸੂਰਬੀਰਤਾ ਦੀ ਰੂਹ ਫੂਕੀ। ਧਰਮ ਦਾ ਖਾਲਸ ਰੂਪ 'ਖਾਲਸਾ ਪੰਥ' ਸਾਜਿਆ। ਦਾਸਾਂ ਨੂੰ ਸਿੰਘ ਬਣਾ ਕੇ ਸਾਹਿਬੀ ਬਖਸ਼ੀ। ਇਕੱਲੇ ਸਿੰਘ ਵਿੱਚ ਲੱਖਾਂ ਨਾਲ ਜੂਝਣ ਦੀ ਜ਼ੁਅਰਤ ਪੈਦਾ ਕੀਤੀ। 'ਗੁਰੂ ਸਿਖੁ ਸਿਖੁ ਗੁਰੂ ਹੈ ਏਕੋ' ਗੁਰਵਾਕ ਸਾਕਾਰ ਹੋਇਆ।

ਗੁਰੂ ਸਾਹਿਬ ਨੇ ਖਾਲਸੇ ਨੂੰ ਆਪਣਾ ਨਿਜ ਰੂਪ ਬਖਸ਼ਿਆ। ਗੁਰੂ ਗੋਬਿੰਦ ਸਿੰਘ ਸਰਬਪੱਖੀ ਸ਼ਖ਼ਸ਼ੀਅਤ ਸਨ। ਸਭ ਦੇ ਸਾਂਝੇ ਪੈਗੰਬਰ, ਗੁਰੂ ਨਾਨਕ ਵਾਂਗ ਹੀ-

ਮੋਢੇ ਕਮਾਨ ਰੱਖੇ, ਲੋਕਾਂ ਨੂੰ ਰਾਮ ਜਾਪੇ।<br>
ਕਲਗੀ ਨੂੰ ਜਦ ਸਜਾਏ, ਗੋਕਲ ਦਾ ਸ਼ਾਮ ਜਾਪੇ।<br>
ਇਕਨਾ ਨੂੰ ਰਾਮ ਜਾਪੇ, ਇਕ ਨੂੰ ਰਹੀਮ ਜਾਪੇ। ਭੀਖਣ ਦੀ ਅੱਖ ਨੂੰ ਉਹ ਕਾਦਰ ਕਰੀਮ ਜਾਪੇ।


ਗੁਰੂ ਸਾਹਿਬ ਜਿੱਥੇ ਗਿਆਨ ਦੇ ਸਾਗਰ, ਨਦਰੀ ਨਦਰਿ ਨਿਹਾਲ' ਕਰਨ ਵਾਲੇ ਸਮਰੱਥ ਅਧਿਆਤਮਕ ਗੁਰੂ ਸਨ, ਉਥੇ ਮਹਾਨ ਕਵੀ, ਸੰਗੀਤਾਚਾਰਯ, ਸੁਹਜ ਅਤੇ ਸੂਖਮ ਕਲਾਵਾਂ ਦੇ ਰਸੀਏ, ਮਹਾਨ ਨੀਤੀਵੇਤਾ, ਮਹਾਂਰਥੀ ਅਤੇ ਮਹਾਂ ਧਨੁਸ਼ਧਰ ਜਰਨੈਲ ਸਨ। ਆਪ ਦੀ ਬੀਰ ਰਸੀ ਬਾਣੀ ਅਨੇਕਾਂ ਮਹਾਂ ਬਲੀ ਯੋਧੇ ਪੈਦਾ ਕਰਨ ਦੀ ਸ਼ਕਤੀ ਰੱਖਦੀ ਹੈ। ਵਿਸ਼ਵ ਪ੍ਰਸਿੱਧ ਵਿਦਵਾਨ ਐਮਰਸਨ ਦਾ ਮਹਾਂ-ਪੁਰਖਾਂ ਬਾਰੇ ਕਥਨ ਹੈ- "ਮਹਾਂਪੁਰਖਾਂ ਦੀ ਘਾਲਣਾ ਹੁੰਦੀ ਹੈ ਕਿ ਵਡੇਰੇ ਮਹਾਂ ਪੁਰਖ ਪੈਦਾ ਹੁੰਦੇ ਰਹਿਣ......... ਉਨ੍ਹਾਂ ਦਾ ਕਰਤੱਵ ਹੁੰਦਾ ਹੈ ਕਿ ਗਿਆਨ ਅਤੇ ਪ੍ਰੇਮ ਦੇ ਬੀਜ ਹਰ ਪਾਸੇ ਖਿਲਰਦੇ ਜਾਣ ਤਾਂ ਜੋ ਸਾਡੀ ਧਰਤੀ ਦੇ ਜਲ ਤੇ ਪੌਣ, ਅਨਾਜ ਤੇ ਜੀਵ ਜੰਤੂ ਤੇ ਸਾਰੇ ਮਨੁੱਖ ਦਿਨੋਂ ਦਿਨ ਵਧੇਰੇ ਸੁਖਾਵੇਂ ਹੁੰਦੇ ਜਾਣ।"

ਇਹ ਕਥਨ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸ਼ੀਅਤ ਤੇ ਇੰਨ-ਬਿੰਨ ਢੁਕਦਾ ਹੈ। ਆਪ ਦੀ ਮਹਾਨ ਕਰਨੀ ਸੂਰਬੀਰਤਾ, ਤਿਆਗ ਸਮਰਪਣ ਅਤੇ ਕੁਰਬਾਨੀ ਦਾ ਪ੍ਰਤੀਕ ਬਣ ਗਈ। ਆਪ ਦੁਆਰਾ ਪਾਈਆਂ ਸਰਬੰਸ ਦਾਨ ਦੀਆਂ ਪੈੜਾਂ ਤੇ ਚੱਲ ਕੇ ਹੀ ਅਠਾਰਵੀਂ ਸਦੀ ਵਿੱਚ ਕਰੀਬ ਇੱਕ ਲੱਖ ਸ਼ਹਾਦਤਾਂ ਹੋਈਆਂ। ਹਜ਼ਾਰਾਂ ਵਰ੍ਹਿਆਂ ਤੋਂ ਕਾਬਲ ਵਲੋਂ ਆਉਂਦੇ ਜ਼ਾਲਮ-ਜ਼ਾਬਰਾਂ ਦਾ ਮੂੰਹ ਸਦਾ ਲਈ ਮੋੜ ਦਿੱਤਾ। ਜਦ ਤੱਕ ਸੂਰਜ, ਚੰਦ, ਧਰਤੀ ਰਹਿਣਗੇ-ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਆਤਮ ਸਨਮਾਨ, ਆਜ਼ਾਦੀ, ਸੂਰਬੀਰਤਾ, ਸਮਾਜ ਕਲਿਆਣ ਦਾ ਪ੍ਰਤੀਬਿੰਬ ਬਣਕੇ ਰਹੇਗਾ। ਪ੍ਰਸਿੱਧ ਸਿੱਖ ਦਾਰਸ਼ਨਿਕ ਸਿਰਦਾਰ ਕਪੂਰ ਸਿੰਘ ਦਾ ਕਥਨ ਹੈ-

**ਬਾਕੀ ਸਫ਼ਾ 21 'ਤੇ..........**

**ਹਰਪਾਲ ਸਿੰਘ ਸੇਵਕ, ਸੰਪ:94176-01321**


# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਹੋਰ ਭਾਈ ਸੁਵੇਗ ਸਿੰਘ ਜੀ ਤੇ ਜੀਵਣ ਸਿੰਘ ਜੀ ਪਹਿਰੇ ਦਾ ਸਾਨੂ ਕੋਈ ਦੁਖ ਨਹੀ। ਇਕ ਐਤਨਾ ਦੁਖ ਹੈ ਆਏ ਸਿੰਘ ਨਾਲ ਅਛੀ ਤਰਾ ਮੇਲਾ ਨਹੀ ਹੁੰਦਾ। ਹੋਰ ਸਾਨੂ ਪਹਿਰੇ ਦਾ ਕੋਈ ਦੁਖ ਨਹੀ। ਏਨਾ ਨੂ ਏਹੁ ਬਡਾ ਭਰਮੁ ਹੈ, ਚਿਠੀ ਦੀ ਬਡੀ ਤਕੜਾਈ ਰਖਦੇ ਹੈਨ ਮੇਰੀ। ਕਹਿੰਦੇ ਹੈਨ ਕਿਤੇ ਚਿਠੀ ਭੇਜਕੇ ਸੂੜ ਨ ਕਰਾਇ ਦੇਵੇ। ਏਧੇ ਪਿਛੇ ਬਹੁਤ ਆਦਮੀ ਹੈ।

ਏਨਾ ਦਾ ਐਥੇ ਬੀ ਇਕ ਸਾਡੇ ਪਾਸ ਆਦਮੀ ਰਹਿੰਦਾ ਸੀ। ਉਸਨੇ ਬਡੇ ਗੋਰੇ ਪਾਸ ਜਾ ਕੇ ਆਖਿਆ, ਮੇਰਾ ਨਾਉ ਲੈ ਕੇ ਆਖੇ, ਏਹੁ ਆਧਾ ਥੀ ਜੇ ਮੈ ਜਾਣਦਾ ਮੈਨੂ ਕਾਲੇ ਪਾਨੀ ਲੇ ਆਉਣਗੇ ਤਾ ਮੈ ਪੰਜਾਬ ਭਰ ਦੀ ਕੁਰਸੀ ਸਭ ਖਾਲੀ ਕਰਾਇ ਦਿੰਦਾ। ਇਹੁ ਏਨਾ ਨੂੰ ਮੇਰਾ ਬਡਾ ਭਰਮ ਹੈ ਕਿਤੇ ਬਿਲਿਆ ਦਾ ਸੂੜ੍ਹ ਨਾ ਕਰਾ ਦੇਵੇ। ਅਰੁ ਮੈ ਭਾਈ ਆਪਣੀ ਰਸਨਾ ਤੇ ਕੁਛ ਨਹੀ ਬੋਲਾ।

# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



## ਸਿਮਰਨ ਦੀ ਤਾਕਤ

ਜਿਹੜਾ ਸਤਿਗੁਰਾਂ ਨੇ ਹੁਕਮ ਲਿਖਿਆ ਹੈ, ਗੁਰੂ ਨਾਨਕ ਨੇ,

ਭਰੀਐ ਮਤਿ ਪਾਪਾ ਕੈ ਸੰਗਿ, ਓਹੁ ਧੋਪੈ ਨਾਵੈ ਕੈ ਰੰਗਿ ॥

ਨਾਮ ਦੀ ਮਹਿਮਾ ਬਾਣੀ ਵਿੱਚ ਬਹੁਤ ਲਿਖੀ ਹੈ। ਇੱਥੋਂ ਤੱਕ ਲਿੱਖ ਦਿੱਤਾ ਹੈ ਕਿ –

'ਨਾਮ ਤੁਲਿ ਕਛੁ ਅਵਰੁ ਨ ਹੋਇ ॥

ਪਰ ਤੁਸੀਂ ਇਹ ਵੇਖੋ ਕਿ ਕਿੰਨਿਆਂ ਕੁ ਗੁਰਦੁਆਰਿਆਂ ਵਿੱਚ ਨਾਮ ਜਪਿਆ ਜਾਂਦਾ ਹੈ, ਬਾਣੀ ਬੇਸ਼ਕ ਜਿਨੀ ਮਰਜ਼ੀ ਪੜ੍ਹੀਏ॥ ਪਰ ਨਾਮ ਜਪਿਆ ਕਰੋ, ਜੋ ਜੋ ਕਿਸੇ ਨੇ ਆਪਣੇ ਗੁਰੂ ਤੋਂ ਪੁੱਛਿਆ ਹੈ, ਘੱਟੋ-ਘੱਟ ਇੱਕ ਘੰਟਾ ਬੈਠ ਕੇ ਸਿਮਰਨ ਜਰੂਰ ਕਰਿਆ ਕਰੋ। ਸਿਮਰਨ ਦੀ ਤਾਕਤ ਇਸ ਤਰ੍ਹਾਂ ਦੀ ਹੈ, ਕਹਿੰਦੇ ਨੇ ਕੂੰਜ ਬੱਚੇ ਦੇ ਆਉਂਦੀ ਹੈ ਪਹਾੜਾਂ ਵਿੱਚ, ਜਿੰਨੇ ਬੱਚੇ ਉਹਨੂੰ ਯਾਦ ਰਹਿ ਜਾਂਦੇ ਨੇ, ਉਹ ਬਚ ਜਾਂਦੇ ਨੇ, ਜਿਹੜੇ ਨਾ ਯਾਦ ਰਹਿਣ ਉਹ ਮਰ ਜਾਂਦੇ ਨੇ।

ਊਡੇ ਊਡਿ ਆਵੈ ਸੈ ਕੋਸਾ, ਤਿਸੁ ਪਾਛੈ ਬਚਰੇ ਛਰਿਆ॥

ਤਿਨ ਕਵਣੁ ਖਲਾਵੈ ਕਵਣੁ ਚੁਗਾਵੈ, ਮਨ ਮਹਿ ਸਿਮਰਨੁ ਕਰਿਆ॥

ਸੋ ਉਹ ਸਿਮਰਨ ਕਰੋ ਜੋ-ਜੋ ਆਪਣੇ ਗੁਰੂ ਤੋਂ ਪੁੱਛਿਆ ਹੈ, ਇੱਕ-ਇੱਕ ਘੰਟਾ, ਤੁਸੀਂ ਪਿੰਡਾਂ ਵਾਲੇ, ਘਰਾਂ ਵਾਲੇ, ਸਾਰੇ ਇਕੱਠੇ ਬੈਠ ਕੇ ਕਰੋ। ਹੋਰ ਗੱਲਾਂ ਅਸੀਂ ਸਭ ਕਰਦੇ ਹਾਂ, ਵਪਾਰ ਵਿੱਚ ਹਿੰਦੂ, ਮੁਸਲਮਾਨ, ਈਸਾਈ ਸਭ ਇਕੱਠੇ ਹੋ ਜਾਂਦੇ ਨੇ, ਸੋ 'ਇਹੁ ਵਾਪਾਰ ਵਿਰਲਾ ਵਾਪਾਰੈ' ਸਾਰੇ ਇਕੱਠੇ ਬੈਠ ਕੇ ਕਰਿਆ ਕਰੋ।ਸੋ 'ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ।" ਇਨ੍ਹਾਂ ਤੁਕਾਂ ਨੂੰ ਯਾਦ ਕਰੋ, ਮੰਤਰ ਲੈ ਕੇ ਉਹਦਾ ਸਿਮਰਨ ਕਰਿਆ ਕਰੋ।

ਬਾਣੀ ਨਾਮ ਦੀ ਤਾਰੀਫ਼ ਕਰਦੀ ਹੈ। ਜਦੋਂ ਬਾਣੀ ਪੜ੍ਹਦੇ ਹਾਂ, ਸਾਡੇ ਮਨ ਵਿੱਚ ਜਰੂਰ ਨਾਮ ਵਾਸਤੇ ਸ਼ਰਧਾ ਪੈਦਾ ਹੁੰਦੀ ਹੈ। ਗੁਰੂ ਦੀ ਕੀ ਤਾਰੀਫ਼ ਹੈ, ਗੁਰੂ ਨੂੰ ਕਿਸ ਤਰ੍ਹਾਂ ਮਿਲਣਾ ਹੈ, ਸੇਵਕ ਕਿਸ ਤਰ੍ਹਾਂ ਦਾ ਹੈ –

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥

ਗੁਰ ਕੀ ਆਗਿਆ ਮਨ ਮਹਿ ਸਹੈ॥

ਆਪਸ ਕਉ ਕਰਿ ਕਛੁ ਨ ਜਨਾਵੈ॥

ਇਹ ਬਾਣੀ ਪੜ੍ਹੋ, ਨਾਮੁ ਜਪੋ, ਸਿਮਰਨ ਕਰੋ। ਪਿਆਰ ਕਰੋ, ਇਕ-ਦੂਸਰੇ ਨਾਲ।

# ਜ਼ਫਰਨਾਮਾ : ਇਕ ਨੈਤਿਕ ਪ੍ਰਵਚਨ

- ਵਨੀਤ ਕੌਰ

ਪ੍ਰਵਚਨ ਦੇ ਸਮਾਨੰਤਰ ਅੰਗਰੇਜ਼ੀ ਭਾਸ਼ਾ ਵਿਚ 'Discarese' ਸ਼ਬਦ ਤੋਂ ਉਪਲੱਬਧ ਹੈ। ਕੁਝ ਵਿਦਵਾਨਾਂ ਨੇ 'ਪ੍ਰਵਚਨ' ਨੂੰ ਅੰਗਰੇਜ਼ੀ ਭਾਸ਼ਾ ਦੇ ਸੰਕਲਪ Discarese ਦਾ ਪੰਜਾਬੀ ਰੂਪਾਂਤਰ ਵੀ ਮੰਨਿਆ ਹੈ।

ਜਦੋਂ ਕਿ ਸਾਡੇ ਕੋਲ ਭਾਰਤੀ ਗਿਆਨ ਪਰੰਪਰਾ ਦੇ ਅੰਤਰਗਤ ਪ੍ਰਵਚਨ ਦਾ ਸੰਕਲਪ ਬਹੁਤ ਪਹਿਲਾਂ ਤੋਂ ਮੌਜੂਦ ਹੈ। ਪੱਛਮੀ ਸਾਹਿਤ ਚਿੰਤਨ ਵਿਚ ਪ੍ਰਵਚਨ ਦਾ ਸੰਕਲਪ ਵਿਸ਼ੇਸ਼ ਮਹੱਤਵ ਦਾ ਧਾਰਨੀ ਹੋ ਨਿਬੜਦਾ ਹੈ। Collins Dictionary ਦੇ ਅਨੁਸਾਰ Discarese ਦੀ ਪਰਿਭਾਸ਼ਾ ਇਸ ਤਰ੍ਹਾਂ ਹੈ :- "A discarese is a serious talk or piece of writing which is intended to teach or explain something".

ਮਿਸ਼ੇਲ ਫੋਕੌਲਟ (Michel Foucott) ਪ੍ਰਵਚਨ ਨੂੰ ਇਸ ਤਰ੍ਹਾਂ ਪਰਿਭਾਸਿਤ ਕਰਦਾ ਹੈ :- "Discourse discribe an entity of sequencess of sign, in that they are enouncement, state ments conversation."

ਪੱਛਮੀਂ ਵਿਦਵਾਨਾਂ ਨੇ Discarese ਨੂੰ ਚਾਰ ਪ੍ਰਕਾਰ ਦਾ ਮੰਨਿਆ ਹੈ- 1. ਆਰਗੂਮੈਂਟ(Argument) 2. ਨਰੇਸ਼ਨ (Narrations) 3. ਡਿਸਕ੍ਰਿਪਸ਼ਨ (Description) 4. ਐਕਪੋਜ਼ੀਸ਼ਨ (Exposition)

ਗਿਆਨ ਨਾਲ ਵੇਖਦਿਆਂ ਪਤਾ ਚਲਦਾ ਹੈ ਕਿ ਪ੍ਰਵਚਨ ਤੋਂ ਪਹਿਲਾਂ ਸਾਡੀ ਗਿਆਨ ਪਰੰਪਰਾ ਵਿਚ 'ਵਚਨ' ਸ਼ਬਦ ਮੌਜੂਦ ਹੈ। ਅਸਲ ਵਿਚ ਬਚਨ ਇਕ ਆਦਰ ਸੂਚਕ ਸ਼ਬਦ ਹੈ, ਖਾਸ ਕਰ ਇਸ ਦਾ ਸਬੰਧ ਸੰਤਾਂ ਮਹਾਤਮਾਵਾਂ, ਪੀਰਾਂ ਫਕੀਰਾਂ ਅਤੇ ਗੁਰੂਆਂ ਨਾਲ ਹੈ। ਆਮ ਇਨਸਾਨ ਦੀ ਗਲਬਾਤ ਨੂੰ ਵਚਨ ਦਾ ਦਰਜਾ ਨਹੀਂ ਦਿੱਤਾ ਜਾਂਦਾ। ਪਰ ਇਸ ਦੇ ਐਨ ਉਲਟ ਗੁਰੂਆਂ, ਪੀਰਾਂ, ਫਕੀਰਾਂ, ਮਹਾਤਮਾਵਾਂ ਦੀ ਗਲਬਾਤ ਜਾਂ ਉਨ੍ਹਾਂ ਦੁਆਰੇ ਉਚਾਰੇ ਗਏ ਬੋਲਾਂ ਨੂੰ ਬਚਨ ਦੀ ਸੰਗਿਆ ਦਿੱਤੀ ਜਾਂਦੀ ਹੈ। ਇਉਂ ਬਚਨ ਸੰਕਲਪ ਦੇ ਅੰਤਰਗਤ ਆਸਥਾ, ਅਧਿਆਤਮਕਤਾ, ਧਾਰਮਿਕਤਾ ਤੇ ਫਿਲਾਸਫਾਂ ਵਿਚ ਪੂਰੀ ਤਰ੍ਹਾਂ ਸਮੋਇਆ ਹੁੰਦਾ ਹੈ।

'ਪ੍ਰਵਚਨ' ਨਿਰੋਲ ਸ਼ਬਦ ਹੀ ਨਹੀਂ, ਸਗੋਂ ਸੰਕਲਪ ਵੀ ਹੈ।ਅਕਸਰ ਵੇਖਣ ਵਿਚ ਆਇਆ ਹੈ ਕਿ ਜਦੋਂ ਵੀ ਕਿਸੇਅਹਿਮ ਜਾਂ ਦਾਰਸ਼ਨਾਕ ਮਸਲੇ ਨੂੰ ਭਿੰਨ ਭਿੰਨ ਉਦਾਹਰਣਾਂ ਜਾਂ ਮਿਸ਼ਾਲਾਂ ਦੇ ਕੇ ਸਪਸ਼ਟ ਕੀਤਾ ਜਾਂਦਾ ਹੈ ਜਾਂ ਉਸ ਦੇ ਉੱਪਰ ਫੋਕਸੀਕਰਣ ਕੀਤਾ ਜਾਂਦਾ ਹੈ ਤਾਂ ਉਸ ਨੂੰ ਪ੍ਰਵਚਨ ਦੀ ਸੰਗਿਆ ਦਿੱਤੀ ਜਾਂਦੀ ਹੈ।

ਪ੍ਰਵਚਨ ਦਾ ਪਾਠ (Text) ਨਾਲ ਵੀ ਡੂੰਘਾ ਸਬੰਧ ਹੈ ਇਸ ਸਬੰਧ ਵਿਚ ਸਾਡਾ ਬੁਨਿਆਦੀ ਪ੍ਰਸਤਾਵ ਇਹ ਹੈ ਕਿ ਪਾਠ ਪ੍ਰਚਲਿਤ (Available) ਹੁੰਦਾ ਹੈ ਅਤੇ ਪ੍ਰਵਚਨ ਉਸਾਰਿਆ ਜਾਂਦਾ ਹੈ।

ਗ੍ਰਾਮਸ਼ੀ ਵਰਗੇ ਸਾਹਿਤ ਚਿੰਤਕ ਇਹ ਮੰਨਦੇ ਹਨ ਕਿ ਪ੍ਰਵਚਨ ਕਿਸੀ ਰਚਨਾ ਵਿਚ ਮੌਜੂਦ ਚੁੱਪਾਂ (Silence) ਖਾਮੋਸ਼ੀਆਂ ਨੂੰ ਜ਼ੁਬਾਨ ਦੇਣ ਵਾਲਾ ਸੰਕਲਪ ਹੈ। ਇਸ ਦ੍ਰਿਸ਼ਟੀ ਤੋਂ ਸਾਡੇ ਮਾਰਕਸਵਾਦੀ ਵਿਦਵਾਨ ਭਿੰਨ ਭਿੰਨ ਸਾਹਿਤ ਪਾਠਾਂ ਵਿਚ ਦਮਿਤ ਹੋਈਆਂ ਚੁੱਪਾਂ ਤੇ ਖਾਮੋਸ਼ੀਆਂ ਨੂੰ ਸ਼ਕਤੀ ਪ੍ਰਦਾਨ ਕਰਨ ਵਾਲਾ ਸੰਕਲਪ ਮੰਨਦੇ ਹਨ।

ਇਸ ਦ੍ਰਿਸ਼ਟੀ ਤੋਂ ਜਦੋਂ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ "ਜ਼ਫਰਨਾਮਾ" ਨੂੰ ਆਪਣੇ ਚਿੰਤਨ ਦਾ ਵਿਸ਼ਾ ਬਣਾਉਂਦੇ ਹਾਂ ਤਾ ਪਤਾ ਚਲਦਾ ਹੈ ਕਿ ਇਹ ਪਾਠ ਸਾਹਿਤਕ ਤੌਰ ਤੇ ਵੀ ਆਪਣੇ ਅੰਦਰੂਨੀ ਗੁਣਾਂ ਕਰਕੇ ਇਕ ਸ਼ਕਤੀਸ਼ਾਲੀ ਪ੍ਰਵਚਨ ਦਾ ਦਰਜਾ ਰੱਖਦਾ ਹੈ। ਇਹ ਪ੍ਰਵਚਨ ਨੈਤਿਕਤਾ ਦਾ ਪ੍ਰਵਚਨ ਹੈ।

ਜ਼ਾਹਿਰ ਹੈ ਕਿ 'ਜ਼ਫਰਨਾਮਾ' ਰਚਨਾ ਦਾ ਸਮੁੱਚਾ ਪਾਠ ਮੁਗਲ ਬਾਦਸ਼ਾਹ ਔਰੰਗਜੇਬ ਨੂੰ ਸਿੱਧੇ ਤੌਰ ਤੇ ਸੰਬੋਧਿਤ ਹੈ। ਇਕ ਤਰਫ਼ 'ਬਾਦਸ਼ਾਹਤ' ਹੈ ਤੇ ਦੂਜੀ ਤਰਫ਼ 'ਫਕੀਰੀ'। ਗੁਰੂ ਗੋਬਿੰਦ ਸਿੰਘ ਜੀ ਦੀ ਫਕੀਰਾਨਾ ਬਿਰਤੀ ਔਰੰਗਜੇਬ ਦੀ ਬਾਦਸ਼ਾਹੀ ਨੂੰ ਲਲਕਾਰਦੀ ਹੈ। ਇਸ ਦ੍ਰਿਸ਼ਟੀ ਤੋਂ ਜ਼ਫਰਨਾਮਾ ਇਕ ਇਤਿਹਾਸਿਕ ਦਸਤਾਵੇਜ (Historical Documents) ਹੋ ਨਿਬੜਦਾ ਹੈ।

"ਜ਼ਫ਼ਰਨਾਮਾ" ਨੂੰ ਇਕ ਨੈਤਕਿ ਪ੍ਰਵਚਨ ਵਲੋਂ ਉਸਾਰਨ ਲਈ "ਨੈਤਿਕਤਾ" ਸ਼ਬਦ ਉਪਰ ਵਿਚਾਰ ਕਰਨਾ ਲਾਜ਼ਮੀਂ ਜਾਪਦਾ ਹੈ। ਇਨਸਾਈਕਲੋਪੀਡੀਆ ਬਰਿਟੈਨਿਕਾ ਦੇ ਅਨੁਸਾਰ ਨੈਤਿਕਤਾ ਦਰਸ਼ਨ ਸਾਸਤਰ ਦੀ ਉਹ ਸਾਖ਼ ਹੈ ਜਿਸ ਦਾ ਸਬੰਧ ਨੇਕੀ ਅਤੇ ਬਦੀ, ਉਚਿੱਤ ਅਤੇ ਅਨੁਚਿੱਤ ਆਦਿ ਸਦਾਚਾਰਕ ਪੱਖਾਂ ਨਾਲ ਹੈ। ਪਰੰਪਰਾ ਵਜੋਂ ਨੈਤਿਕਤਾ ਜਾਂ ਨੀਤੀ ਸ਼ਾਸਤਰ ਮਨੁੱਖ ਦੀਆਂ ਸਦਾਚਾਰਕ ਸਮੱਸਿਆਵਾਂ

ਦਾ ਵਿਸ਼ਲੇਸ਼ਣ ਕਰਨ ਅਤੇ ਉਨ੍ਹਾਂ ਸਮਾਪਨ ਲਈ ਕੀਮਤਪਰਕ ਆਧਾਰ ਨਿਸ਼ਚਿਤ ਕਰਦਾ ਹੈ। "Conduct may include inward activities like motives and duries as new as outward activites like speech and movements of the dorsline and so these also will for within the sphere of ethise

ਉਪਰੋਕਤ ਭਾਸ਼ਾ ਦੇ ਅਨੁਸਾਰ ਮਨੁੱਖ ਦੇ ਮਨ ਅਤੇ ਤਨ ਦੋਵੇਂ ਹੀ ਉਸਦੀ ਨੈਤਕਿਤਾ ਦੀ ਪਛਾਣ ਦੇਣ ਦੇ ਲਖਾਇਕ ਹਨ।

"ਪੱਛਮੀਂ ਮਾਨਵ ਵਿਗਿਆਨੀਆਂ ਅਤੇ ਨੀਤੀ ਵਿਗਿਆਨੀਆਂ ਨੇ ਪ੍ਰਾਚੀਨ ਯੂਨਾਨੀਆਂ ਅਤੇ ਰੋਮ ਸੱਭਿਆਤਾਵਾਂ ਦੇ ਦੋ ਸੰਕਲਪਾਂ ਈਥਸ (Ethios) ਅਤੇ ਮੋਰੇਨ (Mores) ਰਿਵਾਜ਼ੀ ਸਦਾਚਾਰ ਦੇ ਥੰਮ ਮੰਨਿਆ ਹੈ। ਆਰਥਿਕ (ਨੈਤਿਕ ਨਿਯਮ) ਇਸੇ ਸ਼ਬਦ 'Ethios' ਤੋਂ ਉਮੱਗਿਆ ਹੈ ਜਿਸ ਦਾ ਮੂਲ ਅਰਥ ਠੀਕ ਜਾਂ ਸ਼ੁਭ ਕਰਮਾਂ ਦਾ ਮਿਆਰ ਹੈ"।

ਆਚਾਰ ਅਤੇ ਚਰਿੱਤ੍ਰ ਨੈਤਿਕ ਨਿਰਣੇ ਦਾ ਆਧਾਰ ਹਨ ਜਿਨ੍ਹਾਂ ਉਪਰ ਮਨੁੱਖੀ ਕਦਰਾਂ ਦਾ ਢਾਂਚਾ ਉਸਾਰਿਆ ਹੁੰਦਾ ਹੈ। ਨੈਤਿਕਤਾ ਆਚਾਰ ਅਤੇ ਚਰਿੱਤ੍ਰ ਸੰਬਧੀ ਆਦਰਸ਼ਾਂ, ਮਿਆਰਾਂ ਅਤੇ ਭਾਵਨਾਵਾਂ ਦਾ ਅਜੇਹਾ ਸੰਗਠਨ ਹੁੰਦਾ ਹੈ। ਜਿਸ ਦੀ ਰੋਸ਼ਨੀ ਵਿਚ ਮਨੁੱਖ ਆਚਾਰ ਜਾਂ ਚਰਿੱਤ੍ਰ ਦੀ ਸਾਰਥਕਤਾ ਗ੍ਰਹਿਣੀ ਕਰਦਾ ਹੈ"।

ਨੈਤਿਕਤਾ ਅੱਗੇ ਪ੍ਰਵਚਨ ਦੇ ਉਪਰੋਕਤ ਵਿਚਾਰਾਂ ਤੋਂ ਜ਼ਫਰਨਾਮਾ ਨੂੰ ਇਨ੍ਹਾਂ ਦੇ ਸਬੰਧ ਵਿਚ ਵੇਖਣਾ ਹੈ। ਜ਼ਫਰਨਾਮਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਦਸਮ ਗ੍ਰੰਥ ਦਾ ਹੀ ਭਾਗ ਹੈ। ਇਹ ਫਾਰਸੀ ਵਿਚ ਲਿਖੀ ਇਕ ਸਿਰਮੌਰ ਅਤੇ ਬੇਬਾਕ ਰਚਨਾ ਹੈ 'ਜ਼ਫਰ' ਦਾ ਅਰਥ ਹੈ "ਫ਼ਤਹਿ" ਅਤੇ 'ਨਾਮਾ' ਤੋਂ ਭਾਵ ਹੈ "ਚਿੱਠੀ"। ਇਹ ਔਰੰਗਜੇਬ ਦੀ ਚਰਿਤ੍ਰੀ ਹਾਕ ਉੱਪਰ ਗੁਰੂ ਗੋਬਿੰਦ ਸਿੰਘ ਜੀ ਦੇ ਜਿੱਤ ਦਾ ਪ੍ਰਮਾਣ ਪੇਸ਼ ਕਰਦੀ ਹੈ। ਇਹ ਇਕ ਖੁਬਸੂਰਤ ਭਾਸ਼ਾ ਵਿਚ ਪਰੋਈ ਰਚਨਾ ਹੈ। "ਜ਼ਫਰਨਾਮਾ" ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਸ਼ਨ ਵਿਰੁੱਧ ਚਲਾਈ ਗਈ ਇਕ ਲਹਿਰ ਦਾ ਹੀ ਲਿਖਤੀ ਰੂਪ ਪ੍ਰਤੀਕ ਹੁੰਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਇਕ ਧਾਰਮਿਕ ਸੀਮਾ ਤੱਕ ਹੀ ਮਹਿਜੂਦ ਨਹੀਂ ਸਨ ਸਗੋਂ ਸਾਮਾਜਿਕ ਅਤੇ ਰਾਜਨੀਤਿਕ ਵਿਕਾਸ ਲਈ ਵੀ ਸਰਗਰਮ ਹਨ।

"ਜ਼ਫਰਨਾਮੇ" ਨੂੰ ਕਈ ਵਿਦਵਾਨਾਂ ਨੇ "ਫਤਹਿਨਾਮਾ" ਨਾਲ ਜੋੜ ਕੇ ਪੇਸ਼ ਕੀਤਾ ਹੈ। ਪਰ ਇਸ ਦੀ ਪ੍ਰਮਾਣਿਕਤਾ ਪ੍ਰਸਿੱਧ ਨਹੀਂ ਹੈ।

"ਜ਼ਫਰਨਾਮੇ" ਦਾ ਇਤਿਹਾਸਕ ਪਿਛੋਕੜ ਕੁਝ ਇਸ ਤਰ੍ਹਾਂ ਹੈ। ਵਿਸਾਹਘਾਤ ਕਰਦਿਆਂ ਹੋਇਆਂ ਮੁਗਲ ਫੌਜਾਂ ਦੀ ਮਦਦ ਨਾਲ ਪਹਾੜੀ ਰਾਜਿਆਂ ਦੇ ਅਚਾਨਕ ਹਮਲਾ ਕਰ ਦੇਣ ਤੇ ਅਨੰਦਗੜ੍ਹ ਦਾ ਕਿਲਾ ਛੱਡਦੇ ਸਮੇਂ ਖਾਲਸਾਈ ਫੌਜਾਂ ਨੂੰ ਬੜੀ ਭਾਰੀ ਤਬਾਹੀ ਦਾ ਸਾਹਮਣਾ ਕਰਨਾ ਪਿਆ। ਹਫੜਾ-ਦਫੜੀ ਕਾਰਨ ਸਰਸਾ ਨਦੀ ਦੇ ਤੇਜ ਵਹਾਅ ਵਿਚ ਫੌਜ ਦਾ ਇਕ ਵੱਡਾ ਹਿੱਸਾ ਰੁੜ੍ਹ ਗਿਆ। ਛੋਟੇ ਦੋ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਨਿੱਖੜ ਗਏ ਸਨ, ਮਗਰੋਂ ਸਰਹਿੰਦ ਵਿਚ ਜਿੰਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਅੱਗੇ ਜਾ ਕੇ ਚਮਕੌਰ ਦੀ ਗੜ੍ਹੀ ਵਿਚ ਦੋਵੇਂ ਵੱਡੇ ਸਾਹਿਬਜ਼ਾਦੇ ਅਤੇ ਹੋਰ ਸਿੱਖ ਸ਼ਹੀਦ ਹੋ ਗਏ। ਖਾਲਸੇ ਦੀ ਬੇਨਤੀ ਨੂੰ ਮੰਨਦੇ ਹੋਇਆਂ ਗੁਰੂ ਜੀ ਦਇਆ ਸਿੰਘ ਜੀ ਅਤੇ ਧਰਮ ਸਿੰਘ ਦੇ ਨਾਲ ਗੜੀ ਵਿਚੋਂ ਸੁਰੱਖਿਅਤ ਨਿਕਲ ਗਏ। ਮਾਛੀਵਾੜੇ ਜੱਟਪੁਰ ਤੋਂ ਹੁੰਦੇ ਹੋਏ "ਦੀਨੇ ਕਾਂਗੜ" ਪੁੱਜੇ।

ਕਾਂਗੜ ਕਸਬੇ ਦੇ ਇਕ ਹਿੱਸੇ ਦਾ ਨਾਂ ਹੀ "ਦੀਨਾ" ਹੈ, ਜਿੱਥੇ ਕਿ ਗੁਰੂ ਸਾਹਿਬ ਭਾਈ ਦੇਸਾ ਸਿੰਘ ਤਰਖਾਣ ਦੇ ਚੁਬਾਰੇ ਵਿਚ ਤਿੰਨ ਹਫਤੇ ਠਹਿਰੇ। ਗੁਰੂ ਕੀਆਂ ਸਾਖੀਆਂ ਵਿਚ ਇੱਥੇ ੨੨ ਪੋਹ ਨੂੰ ਪਹੁੰਚਣਾ ਲਿਖਿਆ ਹੈ। ਇਥੇ ਬੈਠ ਕੇ ਹੀ ਆਪ ਨੇ ਇਹ ਜ਼ਫਰਨਾਮਾ ਲਿਖਿਆ ਸੀ। ਜੋ ਕਿ ੧੧੧ ਸ਼ਿਅਰਾਂ ਵਿਚ ਦਰਜ਼ ਹੈ। ਪਹਿਲੇ ੧੨ ਸ਼ਿਅਰ ਅਕਾਲ ਪੁਰਖ ਦੀ ਉਸਤਤਿ ਦੇ ਮੰਗਲਾਚਰਣ ਰੂਪ ਹਨ ਤੇ ਫੇਰ ੯੯ ਵੇਂ ਸ਼ਿਅਰਾਂ ਵਿਚ ਆਪ ਬੀਤੀ ਬਿਆਨ ਕੀਤੀ ਹੈ।

ਜ਼ਫਰਨਾਮਾ ਦੀ ਸ਼ੁਰੂਆਤ ਗੁਰੂ ਗੋਬਿੰਦ ਸਿੰਘ ਜੀ ਦੀ ਹਰ ਰਚਨਾ ਵਾਂਗ ਅਕਾਲ ਪੁਰਖ ਦੇ ਮੰਗਲਾਚਰਣ ਤੋਂ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਉਹ ਖੁਦਾ ਸੂਝ-ਬੂਝ ਦਾ ਮਾਲਕ ਹੈ, ਖੁਦਾ ਨਿਆਸਰਿਆਂ ਦਾ ਆਸਰਾ ਬਣਦਾ ਹੈ, ਜਿਸ ਦਾ ਕੋਈ ਨਹੀਂ ਬਣਦਾ ਉਸ ਦਾ ਰੱਬ ਹੁੰਦਾ ਹੈ। ਦੁਸ਼ਮਣ ਦੇ ਮਨ ਨੂੰ ਪਿਘਲਾ ਦਿੰਦਾ ਹੈ। ਉਹ ਖੁਦਾ ਕੌਮ ਦੀ ਪਾਲਣਾ ਕਰਦਾ ਹੈ। ਕੁਰਾਮ ਮਜੀਦ ਦੀ ਸਾਰੀ ਜਾਣਕਾਰੀ ਤੇ ਕੁਰਾਮ ਬਖਸ਼ਿਸ ਕਰਨ ਵਾਲਾ ਆਲਮ ਹੈ। ਉਹ ਗਿਆਨ ਦਾ ਭੰਡਾਰ ਹੈ ਉਹ ਇਸ ਦੁਨੀਆਂ ਦੇ ਕਣ-ਕਣ ਵਿਚ ਮੌਜੂਦ ਹੈ"। (9)

"ਕਮਾਲਿ ਕਰਾਮਾਤ ਕਾਯਮ ਕਰੀਮ
ਰਜ਼ਾ ਬਖਸ਼ ਰਾਜ਼ਿਕ ਰਿਹਾਕੁਨ ਰਹੀਮ ॥ 12 ॥ (10)

"ਨ ਸਾਜ਼ੋ ਨ ਬਾਜ਼ੋ ਫ਼ੌਜੋ ਨ ਫ਼ਰਸ਼
ਖ਼ੁਦਾਵੰਦ ਬਖ਼ਸ਼ਿੰਦਹਿ ਐਸ਼ਿ ਅਰਸ਼ ॥ " (11)

"ਜਹਾਂ ਪਾਕ ਜ਼ਬਰਸਤ ਜ਼ਾਹਿਰ ਜ਼ਹੂਰ
ਅਤਾ ਮੇਦਿਹਦ ਖਚੁ ਹਾਜ਼ਿਰ ਹਜ਼ੂਰ ॥ " (12)

ਅਕਾਲੀ ਮੰਗਲਾ ਚਰਣ ਤੋਂ ਬਾਅਦ ਗੁਰੂ ਸਾਹਿਬ ਆਪਣਾ ਨੈਤਿਕ ਪ੍ਰਵਚਨ 'ਦਾਸਤਾਨੁ' ਹੇਠ ਉਸਾਰਦੇ ਹਨ। ਜਿਸ ਵਿਚ ਔਰੰਗਰੇਜ਼ੀ ਨੂੰ ਉਸ ਦੇ ਪਾਪ ਕਰਮਾਂ ਦੀ ਸ਼ਨਾਖਤ ਕਰਨ ਦੀ ਤਾੜਨਾ ਕਰਦੇ ਹਨ।

"ਜ਼ਫਰਨਾਮਾ" ਔਰੰਗਜੇਬ ਦੇ ਲਈ ਇਕ ਸ਼ੀਸੇ ਵਾਂਗ ਜਾਪਦਾ ਹੈ ਜਿਸ ਵਿਚ ਉਸਦੇ ਗੁਨਾਹ ਬੇਪਰਦ ਹੁੰਦੇ ਹਨ ਅਤੇ ਉਸਦਾ ਅਹੰਕਾਰ ਨੇਸਤੋਨਾਬੂਦ ਹੋ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਇਸ ਚਿੱਠੀ ਰਾਹੀਂ ਔਰੰਗਜੇਬ ਦੀ ਝੂਠੀ ਨੈਤਿਕਤਾ ਉਪਰ ਪ੍ਰਸ਼ਨ ਕਰਦੇ ਹਨ। ਸਭ ਤੋਂ ਜ਼ਿਆਦਾ ਇਸ ਗਲ ਉਪਰ ਬਲ ਦਿੰਦੇ ਹਨ ਕਿ ਧਾਰਮਿਕ ਅਸੂਲ ਨਿਭਾਉਂਦਿਆਂ ਹੋਇਆਂ ਵੀ ਉਹ ਧਰਮ ਤੋਂ ਹੀਣਾ ਹੀ ਹੈ। ਕਿਉਂਕਿ ਉਸ ਨੇ ਅਤੇ ਉਸਦੇ ਅਹਿੰਸਕਾਰਾਂ ਨੇ ਕੁਰਾਨ ਦੀ ਝੂਠੀ ਕਸਮ ਖਾ ਕੇ ਭੁੱਖੇ ਭਾਣੇ ਸਿੰਘਾਂ ਤੇ ਹਮਲਾ ਕੀਤਾ। ਗੁਰੂ ਸਾਹਿਬ ਨੈਤਕਿਤਾ ਦਾ ਪ੍ਰਮਾਣ ਦਿੰਦੇ ਹੋਏ ਆਖਦੇ ਹਨ ਕਿ ਜੇਕਰ ਤੂੰ ਕਹੇਂ ਤੇ ਤੇਰੇ ਕੋਲ ਉਹ ਕੁਰਾਨ ਤੇ ਉਸ ਉੱਪਰ ਝੂਠੀ ਕਸਮ ਦੀ ਚਿੱਠੀ ਭਿਜਵਾ ਦਿੰਦਾ ਹਾਂ।

ਔਰੰਗਜੇਬ ਨੂੰ "ਹਮਾ" ਪੰਛੀ ਦੀ ਉਦਾਹਰਣ ਦੇ ਕੇ ਬੇਧੜਕ ਹੋ ਕੇ ਕਹਿੰਦੇ ਹਨ ਕਿ ਸਾਡੇ ਉਪਰ ਤੇ ਹਮਾ ਪੰਛੀ ਭਾਵ ਪਰਮਾਤਮਾ ਦੀ ਛਾਂ ਹੈ ਸ਼ੇਰ ਦੀ ਸ਼ਰਣ ਹੈ ਪਰ ਤੈਨੂੰ ਤੇ ਆਪ ਦੇ ਰੱਬ ਉਪਰ ਤੱਕ ਯਕੀਨ ਨਹੀਂ। ਔਰੰਗਜੇਬ ਦੀ ਫੋਕੀ ਧਾਰਮਿਕਤਾ ਉਪਰ ਗੁਰੂ ਗੋਬਿੰਦ ਸਿੰਘ ਜੀ ਇਹ ਕਹਿ ਕੇ ਕਰਾਰੀ ਚਪੇੜ ਮਾਰਦੇ ਹਨ।

"ਨ ਈਮਾਂ ਪਰਸਤੀ ਨਾ ਅਉਜ਼ਾਇ ਦੀਂ"
ਨਾ ਸਾਹਿਬ ਸ਼ਨਾਸੀ ਨ ਮੁਹੱਮਦ ਯਕੀਂ ॥ "46 (13)

ਗੁਰੂ ਗੋਬਿੰਦ ਸਿੰਘ ਜੀ ਔਰੰਗਜੇਬ ਨੂੰ ਉਸਦੇ ਰਾਜਨੀਤਕ ਅਤੇ ਸਾਮਾਜਿਕ ਅਤਿਆਚਾਰਾਂ ਉਪਰ ਕਿਸਾਹ ਮਾਰਨ ਲਈ ਸ਼ਬਦ ਤੀਰਾਂ ਦਾ ਵਾਰ ਕਰਦੇ ਹਨ ਜੋ ਉਸ ਨੇ ਇਕ ਸ਼ਾਸ਼ਕ ਹੁੰਦਿਆਂ ਹੋਇਆਂ ਲੋਕਾਈ ਤੇ ਜ਼ੁਲਮ ਕੀਤਾ। ਉਸ ਲਈ ਉਸ ਦੇ ਨਾਮ ਔਰੰਗਜੇਬ ਉਪਰ ਵੀ ਲਾਹਨਤ ਹੈ।

"ਸ਼ਹਿਨਸ਼ਾਹ ਔਰੰਗਜ਼ੇਬ ਆਲਮੀਂ
ਕਿ ਦਾਰਾਇ ਦੌਰ ਅਸਤੁ ਦੂਰ ਅਸਤ ਦੀਂ॥੯੪॥" (14)

ਗੁਰੂ ਸਾਹਿਬ ਔਰੰਗੇ ਨੂੰ ਸਦਾਚਾਰਕਤਾ ਦਾ ਰਾਹ ਦਿਖਾਉਂਦੇ ਹੋਏ ਫੁਰਮਾਉਂਦੇ ਹਨ-

"ਹਮੂੰ ਮਰਦ ਬਾਯਦ ਸ਼ਵਦ ਸੁਖ਼ਨਵਰ॥
ਨਾ ਸ਼ਿਕਮੇ ਦਿਗਰ ਦਰ ਦਹਾਨਿ ਦਿਗਰ॥੫੫॥ (15)

ਔਰੰਗਜੇਬ ਨੂੰ ਗੁਰੂ ਗੋਬਿੰਦ ਸਿੰਘ ਜੀ "ਪੇਮਾ-ਸ਼ਿਕਨ" - ਵਾਅਦਾ ਤੋੜਨ ਵਾਲਾ "ਦੌਲਤ ਪਰਸਤ", "ਈਮਾ ਫਿਗਨ" (ਬੇਈ-ਮਾਨ) ਅਹਰਿਮਨਾ (ਸ਼ੈਤਾਨ) ਵਰਗੇ ਸਬਦਾਂ ਰਾਹੀਂ ਸੰਬੋਧਤ ਹੁੰਦੇ ਹਨ।

'ਚਮਕੌਰ ਦੀ ਜੰਗ' ਦਾ ਜ਼ਿਕਰ ਵੀ ਗੁਰੂ ਸਾਹਿਬ ਦਲੇਰੀ ਅਤੇ ਸਾਹਸ ਨਾਲ ਕਰਦੇ ਹੋਏ ਉਸਦੇ ਭਗੌੜੇ ਸਿਪਾਹੀਆਂ ਦਾ ਮਾਖੌਲ ਉਡਾਉਂਦੇ ਹਨ। ਆਪਣੇ ਚਾਰ ਸ਼ਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਬੜੀ ਹੀ ਚੜ੍ਹਦੀ ਕਲਾ ਵਿਚ ਲਿਖਦੇ ਹੋਇ ਫੁਰਮਾਉਂਦੇ ਹਨ ਕਿ ਕੀ ਹੋਇਆ ਜੇ ਮੇਰੇ ਚਾਰ ਬਚੇ ਮਾਰੇ ਗਏ ਹਨ ਅਜੇ ਤਾਂ ਕੁੰਡਲੀਆ ਨਾਗ (ਭੁਜੰਗੀ ਖਾਲਸਾ) ਬਾਕੀ ਹੈ।

"ਚਿਹਾ ਸ਼ੁਦ ਕਿ ਚੂੰ ਬੱਚਗਾਂ ਕਸ਼ਤਹ ਚਾਰ॥
ਕਿ ਬਾਕੀ ਬਮਾਂ ਦਸਤ ਪੇਚੀਦਹ ਮਾਰ ॥੭੮॥" (16)

ਗੁਰੂ ਸਾਹਿਬ ਅੰਤ ਵਿਚ ਔਰੰਗਜੇਬ ਨੂੰ ਆਪਣੇ ਕਰਮ ਧਰਮ ਬਦਲਣ ਅਤੇ ਇਨਸਾਫ ਕਰਨ ਦੀ ਹਦਾਇਤ ਕਰਦੇ ਹਨ ਤੇ ਉਸ ਦੇ ਧਾਰਾਮਿਕ ਹੋਣ ਅਤੇ ਇਨਸਾਫ ਕਰਨ ਦੇ ਤਰੀਕੇ ਤੇ ਅਸਚਰਜ ਹੁੰਦੇ ਹਨ।

"ਕਿ ਅਜਬ ਅਸਤ ਇਨਸਾਫੋ ਦੀਂ ਪਰਵਰੀ॥
ਕਿ ਹੈਫ਼ ਅਸਤੁ ਸਦ ਹੈਫ਼ ਈਂ ਸਰਵਰੀ॥੬੭॥

"ਜਿੱਥੇ 'ਜ਼ਫਰਨਾਮਾ' ਗੁਰੂ ਗੋਬਿੰਦ ਸਿੰਘ ਜੀ ਦੀ ਹੱਕ ਪ੍ਰਸਤੀ ਮਨੁੱਖ ਬਰਾਬਰੀ ਦੇ ਅੰਦੋਲਨ ਲਈ ਯਤਨ ਧਾਰਮਿਕ ਸੁਤੰਤਰਤਾ ਦੇ ਉਦੇਸ਼, ਸੈਨਿਕ ਨਿਪੁੰਨਤਾ, ਆਦਰਸ਼ਾਂ ਦੀ ਦ੍ਰਿੜ੍ਹਤਾ, ਸ੍ਵੈ-ਵਿਸ਼ਵਾਸ, ਨੀਤੀਵਾਨਤਾ ਆਦਿ ਨੂੰ ਪ੍ਰਗਟ ਕਰਦਾ ਹੈ। ਉੱਥੇ ਇਹ ਸੰਸਾਰ ਇਤਿਹਾਸ ਦੀ ਅਲੌਕਿਕ ਵਿਜੈ ਚਿੱਠੀ ਗੁਰੂ ਜੀ ਦੀ ਫਾਰਸੀ ਜ਼ਫਰਨਾਮਾ ਅਤੇ ਅਰੂਜ਼ ਦੀ ਜਾਣਕਾਰੀ ਨੂੰ ਭਲੀ ਭਾਂਤ ਪ੍ਰਗਟ ਪਰਦਾ ਹੈ। ਜੋ ਕੁਝ ਗੁਰੂ ਜੀ ਬ੍ਰਿਜਭਾਸ਼ਾ ਦੁਆਰਾ ਕਲਾ ਕੋਮਲਤਾ ਨਾਲ ਚਿਤਰ ਸਕਦੇ ਸਨ ਉਹ ਕੁਝ ਆਪ ਫਾਰਸੀ ਬੋਲੀ ਦੁਆਰਾ ਕਰ ਸਕਣ ਦੇ ਸਮਰੱਥ ਹਨ ਜ਼ਫਰਨਾਮੇ ਵਿਚ ਯੁੱਧ, ਇਤਿਹਾਸ ਚਿਤਰਣ, ਕਰੁਣਾ, ਬੀਰਤਾ, ਵਿਅੰਗ ਸਭ ਕੁਝ ਹੈ ਅਤੇ ਕੁਝ ਥਾਵਾਂ ਤੇ ਸੋਹਜਵਾਦੀ ਬਿੰਬ ਤੇ ਚਿਤ੍ਰ ਰੂਪਕ ਤੇ ਉਪਮਾਵਾਂ ਵੀ ਹਨ। ਇਸ ਨਾਮੇ ਵਿਚ ਫਿਲਾਸਫੀ, ਧਰਮ, ਰਹਮ, ਨੀਤੀ, ਇਤਿਹਾਸ, ਯਥਾਰਤਕਤਾ, ਆਦਰਸ਼ ਸਭ ਕੁਝ ਹੈ। (18)

ਡਾ: ਮਹਿੰਦਰ ਕੌਰ ਗਿੱਲ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਫਾਰਸੀ ਰੂਪਾਕਾਰ "ਮਗਸਲਾ ਨਵੀਸੀ" ਅਧੀਨ ਜ਼ਫਰਨਾਮਾ ਲਿਖਿਆ ਹੈ। ਇਸ ਰੂਪਾਕਾਰ ਦਾ ਇਕ ਆਪਣਾ ਖਾਸ ਮੰਤਵ ਹੁੰਦਾ ਹੈ। ਇਹ ਦੋਹਾਂ ਧਿਰਾਂ ਦੀ ਮਾਨਸਿਕਤਾ ਨੂੰ ਰੂਪਮਾਨ ਕਰਦਾ ਹੈ। ਇਸ ਵਿਚ ਇਕ ਧਿਰ ਨਾਇਕ ਵਰਗਾ ਸਥਾਨ ਰੱਖਦੀ ਹੈ। ਦੂਸਰੀ ਧਿਰ ਰਤਾ ਕੁ ਹੀਣੀ ਹੁੰਦੀ ਹੈ। ਪਦਵੀ ਕਰਕੇ ਨਹੀਂ ਆਪਣੀ ਮਾਨਸਿਕਤਾ

ਜਾਂ ਇੰਜਾਰ ਕਰਕੇ। ਪਹਿਲੀ ਧਿਰ ਦੂਜੀ ਧਿਰ ਨੂੰ ਝੂਠ ਜਗਾਉਂਦੀ ਹੈ ਤੇ ਇਸ ਤਰ੍ਹਾਂ ਪਹਿਲੀ ਧਿਰ ਗੁਣਾਂ ਜੇਤੂ ਵਾਲਾ ਹੁੰਦੀ ਹੈ। " (19)

ਗੁਰੂ ਸਾਹਿਬ ਨੇ ਦੋ ਸ਼ਾਇਰਾਂ ਵਿਚ ਫ਼ਾਰਸੀ ਦੇ ਮਹਾਨ ਕਵੀ ਫਿਰਦੈਸੀ ਅਤੇ ਸ਼ੇਖ਼ ਸਾਅਦੀ ਦੇ ਕਥਨ ਵੀ ਸਾਮਾਨ ਕੀਤੇ ਹਨ।

ਚਿਹ ਖ਼ੁਸ਼ ਗੁਫ਼ਤ ਫਿਰਦੋਸੀਏ ਖ਼ੁਸ਼ ਜ਼ੁਬਾਂ
ਸ਼ਿਤਾਬੀ ਬਵਦ ਕਾਰਿ ਆਹਰਮਨਾ ॥੮੦॥ (20)

ਕਾਹਲੀ ਕਰਨਾ ਸ਼ੈਤਾਨ ਦਾ ਕੰਮ ਹੈ। ਨੇਕ ਆਦਮੀ ਸਦਾ ਧੀਰਜ ਤੋਂ ਕੰਮ ਲੈਂਦੇ ਹਨ।

"ਚੁ ਕਾਰ ਅਜ਼ ਹਮ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ॥ ੨੨ ॥ (21)

ਉਪਰੋਕਤ ਸ਼ੇਅਰ ਨਾ ਕੇਵਲ 'ਸ਼ੇਖ਼ ਸਾਅਦੀ' ਦੇ 'ਬੋਸਤਾਂ' ਵਿਚ ਆਏ ਸ਼ੇਅਰ ਨਾਲ ਮੇਲ ਹੀ ਨਹੀਂ ਖਾਂਦਾ ਹੈ ਸਗੋਂ ਇਸ ਪੱਖ ਨੂੰ ਵੀ ਉਭਾਰਦਾ ਹੈ ਕਿ ਗੁਰੂ ਸਾਹਿਬ ਸ਼ਸ਼ਤ੍ਰਧਾਰੀ ਹੁੰਦੇ ਹੋਏ ਵੀ ਖ਼ੂਨ ਖਰਾਬੇ ਦੇ ਵਿਰੁੱਧ ਸਨ। ਜਦ ਤੱਕ ਪਾਣੀ ਸਿਰ ਉਪਰੋਂ ਨਹੀਂ ਸੀ ਚਲਾ ਜਾਂਦਾ। ਫਿਰ ਮਾਨਵਤਾ ਦੀ ਰਾਖੀ ਅਤੇ ਦੁਸ਼ਟ ਦਮਨ ਲਈ ਤਲਵਾਰ ਦੇ ਦਸਤੇ ਉੱਤੇ ਹੱਥ ਰੱਖਣਾ ਜਾਇਜ਼ ਹੀ ਹੈ।

ਗੁਰੂ ਗੋਬਿੰਦ ਸਿੰਘ ਜੀ ਦਾ ਜ਼ਫਰਨਾਮਾ ਸੱਚਾਈ ਦੀ ਝੂਠ ਉੱਤੇ ਫ਼ਤਹਿ ਦਾ ਨਗਾਰਾ ਵਜਾਉਂਦਾ ਹੈ ਅਤੇ ਇਨਸਾਨੀ ਨੈਤਿਕਤਾ ਦਾ ਪ੍ਰਵਚਨ ਬਾਖ਼ੂਬੀ ਉਸਾਰਦਾ ਹੈ। ਇਹ ਮੁਗਲ ਸਾਮਰਾਜ ਦੀ ਹਿੱਕ ਵਿਚ ਵੱਜਣ ਵਾਲਾ ਇਕ ਪ੍ਰਵਚਨਾਤਮਕ ਖੰਜਰ ਹੈ। 'Louise E Fenech' ਆਪਣੀ ਕਿਤਾਬ "The sikh zafar-Namah of guru Gobind singh A Disecursive Blade in the heart of the Mughal Empire" ਵਿਚ ਇਸ ਤੱਥ ਨੂੰ ਭਲੀ ਭਾਂਤੀ ਪੇਸ਼ ਕਰਦਾ ਹੈ

**ਹਵਾਲੇ ਤੇ ਟਿੱਪਣੀਆਂ**

1. disourse, www, callinedidictionary.com
2. disourse, www. wikipeadia.com
3. ਅਚਾਰੀਆ ਮਦਨ ਗੋਪਾਲ(ਡਾ) "ਆਦਿ ਗਰੰਥ ਸਾਹਿਬ ਵਿਚ ਸੰਸਕ੍ਰਿਤ ਭਗਤ ਬਾਣੀ ਵਿਚ ਨੈਤਕਿਤਾ ਦਾ ਸੰਕਲਪ" ਪੰਨਾ 2।
4. ਲੀਲੀ ਵਿਲਿਅਮ ; "An Introduction to Ethise", pg- 50
5. ਅਚਾਰੀਆ ਮਦਨ ਗੁਪਾਲ (ਡਾ) ਓਹੀ
6. ਓਹੀ ਪੰਨਾ-114
7. ਸੇਵਕ ਸਿੰਘ (ਡਾ) "ਦਸ਼ਮੇਸ ਗਰੰਥ ਦੀ ਚੋਣਵੀ ਬਾਣੀ", ਪੰਨਾ 292।
8. ਪਦਮ ਪਿਆਰਾ ਸਿੰਘ, "ਜ਼ਫਰਨਾਮਾ", ਪੰਨਾ 21
9. ਮੁਹੰਮਦ ਬਸ਼ੀਰ (ਜਨਾਬ) ; "ਦਸਮੇਸ਼ ਪ੍ਰਕਾਸ਼" ; ਪੰਨਾ 447
10. ਜ਼ਫਰਨਾਮਾ ਚੋਂ "ਦਸਮ ਗ੍ਰੰਥ"
11. ਓਹੀ।
12. ਓਹੀ।
13. ਓਹੀ ।
14. ਓਹੀ ।
15. ਓਹੀ।
16. ਉਹੀ।
17. ਓਹੀ।
18. ਤਾਰਨ ਸਿੰਘ (ਡਾ) "ਦਸਮ ਗ੍ਰੰਥ ਰੂਪ ਤੇ ਰਸ" ਪੰਨਾ-315-16
19. ਗਿੱਲ ਮਹਿੰਦਰ ਕੌਰ (ਡਾ) "ਦਸਮ ਗੁਰੂ ਬਾਣੀ ਦੇ ਰੂਪ ਮਾਡਲ" ਪੰਨਾ 431
20. "ਜ਼ਫਰਨਾਮਾ" ਚੋਂ ਦਸਮ ਗ੍ਰੰਥ।
21. ਓਹੀ।

**ਪ੍ਰਕਾਸ਼ਨ ਸੂਚੀ**


1 ਗਿੱਲ ਮਹਿੰਦਰ ਕੌਰ (ਡਾ.) "ਦਸਮ ਗੁਰੂ ਬਾਣੀ ਦੇ ਰੂਪ ਮਾਡਲ", ਮਨਪ੍ਰੀਤ ਪ੍ਰਕਾਸ਼ਨ, 1999

2 ਅਚਾਰੀਆਂ ਮਦਨ ਗੋਪਾਲ (ਡਾ.) "ਆਦਿ ਗ੍ਰੰਥ ਸਾਹਿਬ ਵਿਚ ਸੰਕਲਿਤ ਭਗਤ ਬਾਣੀ ਵਿਚ ਨੈਤਿਕਤਾ ਦਾ ਸੰਕਲਪ" ਭਾਸ਼ਾ ਵਿਭਾਗ (ਪੰਜਾਬ), 2001

3 ਰੂਪ ਸਿੰਘ (ਡਾ.) "ਦਸ਼ਮੇਸ਼ ਪ੍ਰਕਾਸ਼" ਧਰਮ ਪ੍ਰਚਾਰ ਕਮੇਟੀ (ਅੰਮ੍ਰਿਤਸਰ), 2016

4 ਤਾਰਨ ਸਿੰਘ (ਡਾ.) "ਦਸਮ ਗ੍ਰੰਥ ਰੂਪ ਤੇ ਰਸ" ਗੁਰੂ ਗੋਬਿੰਦ ਸਿੰਘ ਫਾਊਂਡਰੇਸ਼ਨ (ਚੰਡੀਗੜ੍ਹ); 1967

5 ਸੇਵਕ ਸਿੰਘ (ਡਾ.) "ਦਸਮ ਗ੍ਰੰਥ ਦੀ ਚੋਣਵੀਂ ਬਾਣੀ" ਨੈਸ਼ਨਲ ਬੁੱਕ ਟਰੱਸਟ; 1998



**-ਵਨੀਤ ਕੌਰ**
**ਖੋਜਾਰਥੀ, ਦਿੱਲੀ ਯੂਨੀਵਰਸਿਟੀ**

# 1857 ਵਿੱਚ ਲੜਨ ਵਾਲਾ ਅਜੀਤ ਸਿੰਘ ਪਮਾਲੀ

-ਜਸਦੇਵ ਸਿੰਘ ਲਲਤੋਂ

ਸੰਨ 1849 'ਚ ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਸੂਰਜ ਅਸਤ ਹੋ ਜਾਣ ਨਾਲ ਬੇਸ਼ੱਕ ਕਾਫੀ ਸਾਰੇ ਫੌਜੀ ਰੋਜ਼ੀ-ਰੋਟੀ ਲਈ ਬਰਤਾਨਵੀ ਫ਼ੌਜ 'ਚ ਭਰਤੀ ਹੋ ਗਏ ਤੇ ਬਹੁਤ ਸਾਰੇ ਪਿਤਾ-ਪੁਰਖੀ ਧੰਦਿਆਂ-ਖੇਤੀ ਬਾੜੀ ਤੇ ਪਸ਼ੂ ਪਾਲਣ ਵਗੈਰਾ ਚ ਜਜ਼ਬ ਹੋ ਗਏ, ਪਰ ਗਿਣਤੀ ਪੱਖੋਂ ਥੋੜੇ ਪਰ ਅਥਾਹ ਗੈਰਤ, ਦਲੇਰੀ ਤੇ ਫਰੰਗੀ ਪ੍ਰਤੀ ਤਿੱਖੀ ਨਫਰਤ ਤੇ ਵਤਨ ਨਾਲ ਅਥਾਹ ਪਿਆਰ ਵਾਲੇ ਗੁਣਾਂ ਦੇ ਧਾਰਨੀ ਬਾਗੀ ਫ਼ੌਜੀਆਂ ਨੇ ਗੁਪਤਵਾਸ ਹੋ ਕੇ ਫਰੰਗੀ ਰਾਜ ਦੇ ਖਾਤਮੇ ਲਈ ਹਮਲੇ ਜਾਰੀ ਰੱਖੇ। 1857 ਦੀ ਪਹਿਲੀ ਜੰਗ-ਏ-ਆਜ਼ਾਦੀ (ਪਹਿਲਾ ਗਦਰ) ਮੌਕੇ ਲੜਨ ਵਾਲੇ ਬਾਗੀਆਂ ਦੀ ਇਨ੍ਹਾਂ ਪੰਜਾਬੀ ਫ਼ੌਜੀਆਂ ਨੇ ਡਟਵੀਂ ਹਮਾਇਤ ਕੀਤੀ। ਅਜਿਹੇ ਕੌਮੀ ਸੂਰਮਿਆਂ ਵਿਚੋਂ ਇੱਕ ਹੀਰੇ ਸਨ ਅਜੀਤ ਸਿੰਘ ਪਮਾਲੀ।

ਅਜੀਤ ਸਿੰਘ ਦਾ ਜਨਮ ਜੱਸਾ ਸਿੰਘ ਦੇ ਘਰ 11 ਦਸੰਬਰ 1820 ਨੂੰ ਲੁਧਿਆਣਾ ਜ਼ਿਲ੍ਹਾ ਦੇ ਪਿੰਡ ਪਮਾਲ ਖੁਰਦ (ਹੁਣ ਪਮਾਲੀ) ਵਿਚ ਹੋਇਆ। ਉਨ੍ਹਾਂ ਨੇ ਇਲਾਕੇ ਦੇ ਗੁਰੂਘਰਾਂ 'ਚੋਂ ਮੁਢਲੀ ਵਿਦਿਆ ਵਜੋਂ ਗੁਰਮੁਖੀ ਦਾ ਗਿਆਨ ਪ੍ਰਾਪਤ ਕਰਨ ਮਗਰੋਂ ਆਪਣੇ ਪਿਤਾ ਜੀ ਨਾਲ ਖੇਤੀਬਾੜੀ ਦੇ ਧੰਦੇ ਵਿਚ ਹੱਥ ਵਟਾਉਣਾ ਸ਼ੁਰੂ ਕਰ ਦਿੱਤਾ। ਸਰੀਰਕ ਜੁੱਸੇ ਪੱਖੋਂ ਕਾਫੀ ਨਰੋਏ ਹੋਣ ਕਾਰਨ ਉਹ ਮਹਾਰਾਜ ਰਣਜੀਤ ਸਿੰਘ ਦੀ ਫ਼ੌਜ ਵਿਚ ਭਰਤੀ ਹੋ ਗਏ। ਬਾਅਦ ਵਿਚ ਉਹ ਰਾਜਾ ਅਜੀਤ ਸਿੰਘ ਲਾਡਵਾ ਦੀ ਫੌਜ ਵਿੱਚ ਸ਼ਾਮਲ ਹੋ ਕੇ ਉਸ ਦੇ ਨੇੜਲੇ ਵਿਸ਼ਵਾਸਪਾਤਰ ਯੋਧੇ ਬਣ ਗਏ।

ਦਿੱਲੀ ਆਰਕਾਈਵਜ਼ ਦੀ ਸੀਆਈਡੀ ਰੀਪੋਰਟ ਨੰ. 125 ਏ (ਭਾਸ਼ਾ: ਉਰਦੂ) ਦੀ ਨਕਲ ਦਾ ਤਰਜਮਾ ਇਸ ਪ੍ਰਕਾਰ ਬਿਰਤਾਂਤ ਪੇਸ਼ ਕਰਦਾ ਹੈ:

1. ਬਸ਼ਰ ਅਜੀਤ ਸਿੰਘ, ਪਿਸਰ ਜੱਸਾ ਸਿੰਘ, ਉਮਰ 40 ਸਾਲ, ਕੰਵਾਰਾ, ਰੰਗ ਗੋਰਾ, ਉੱਚਾ ਲੰਮਾ, ਸਿਰ ਦੇ ਵਾਲ ਕਾਲੇ, ਦਾੜਾ ਭਰਵਾਂ, ਚਿਹਰੇ ਤੇ ਜਲੌਅ, ਅੱਖਾਂ ਦਾ ਰੰਗ ਸ਼ੋਖ, ਸਰੀਰ ਬਹੁਤ ਨਰੋਆ ਹੈ।

2.ਸਿੱਖ ਫ਼ੌਜੀ, ਵਰਦੀਧਾਰੀ, ਪੜਿਆ ਲਿਖਿਆ, ਕਈ ਜ਼ੁਬਾਨਾਂ ਬੋਲ ਲੈਂਦਾ ਹੈ। ਰਿਆਸਤ ਮਲੇਰਕੋਟਲਾ ਮੌਜ ਕੰਗਣਵਾਲ ਵਿਚ ਇਸ ਨੇ ਆਪਣੀ ਛੁਪਣਗਾਹ ਬਣਾਈ ਹੋਈ ਹੈ। ਇਹ ਪਹਿਲਾਂ ਖਾਲਸਾ ਦਰਬਾਰ ਲਾਹੌਰ ਤੇ ਹੋਰ ਖਤਰਨਾਕ ਇਲਾਕਿਆਂ ਨਾਲ ਸਬੰਧਿਤ ਰਿਹਾ। ਪਿਛੋਂ ਰਾਜਾ ਅਜੀਤ ਸਿੰਘ ਲਾਡਵਾ ਦਾ ਏਲਚੀ ਵੀ ਰਿਹਾ।

3. ਇਹ ਆਮ ਖਾਸ ਲੋਕਾਂ ਨੂੰ ਜਥੇਬੰਦ ਕਰਨਾ ਜਾਣਦਾ ਸੀ। ਇਹ ਪ੍ਰਭਾਵਸ਼ਾਲੀ ਬੁਲਾਰਾ ਸੀ। ਇਹ ਤਕੜੇ ਰੋਹ ਦਾ ਸੰਚਾਲਕ ਸੀ। ਇਸ ਨੇ ਆਪਣੇ ਗਰੋਹ ਨੂੰ ਪੱਕੇ ਹਥਿਆਰ ਦੇ ਰੱਖੇ ਸਨ। ਗਰੋਹ ਚ ਰਿਸ਼ਤੇਦਾਰ ਤੇ ਹੋਰ ਨੇੜਲੇ ਸੰਗੀ ਸਨ, ਜੋ ਸੂਹੀਆ ਡਿਊਟੀ ਵੀ ਕਰਦੇ ਸਨ।

4. ਇਸ ਨੇ ਅੰਗਰੇਜ਼ੀ ਸਰਕਾਰ ਖ਼ਿਲਾਫ਼ ਪੇਂਡੂ ਲੋਕਾਂ ਨੂੰ ਭੜਕਾਉਣਾ ਸ਼ੁਰੂ ਕੀਤਾ। ਉਸ ਨੇ ਬਗਾਵਤ ਵੀ ਕੀਤੀ। ਪੁਰਾਣਾ ਕਿਲ੍ਹਾ ਲੁਧਿਆਣਾ ਵਿਚ ਗੋਰੇ ਅਫਸਰਾਂ ਤੇ ਹਮਲੇ ਕਰਕੇ ਕਾਫੀ ਜਾਨੀ ਤੇ ਮਾਲੀ ਨੁਕਸਾਨ ਕੀਤਾ। ਇਹ ਬੇਹੱਦ ਖ਼ੂੰਖਾਰ ਸਿੱਧ ਹੋਏ।

5.ਇਸ ਨੇ ਦਿੱਲੀ ਜਾ ਕੇ ਗ਼ਦਰ ਵਾਲੇ ਬਾਗੀਆਂ ਦਾ ਸਾਥ ਦਿੱਤਾ। ਗੋਰੀ ਫੌਜ ਤੇ ਖੂਬ ਹਮਲੇ ਕੀਤੇ। ਇਹ ਕਿਸੇ ਤਰ੍ਹਾਂ ਵੀ ਬਖਸ਼ਣ ਵਾਲਾ ਨਹੀਂ।

6. ਹੁਣ ਜਦੋਂ ਇਹ ਸਾਡੇ ਮੁਕੰਮਲ ਕਾਬੂ ਹੇਠ ਹਨ, ਇਹ ਸਾਡੇ ਸਿਆਸੀ ਕੈਦੀ ਹਨ। ਅਜੀਤ ਸਿੰਘ ਸਮੇਤ ਇਨ੍ਹਾਂ 7 ਬਾਗੀਆਂ ਨੂੰ ਮਾਰਸ਼ਲ ਬਿਊਨਲ (ਫ਼ੌਜੀ ਅਦਾਲਤ) ਵਲੋਂ ਫਾਂਸੀ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ।

7. ਸਾਡੇ ਇਨ੍ਹਾਂ ਵੱਡੇ ਦੁਸ਼ਮਣਾਂ ਦੇ ਘਰਾਂ ਅਤੇ ਪਿੰਡਾਂ ਤੇ ਘੱਟੋ-ਘੱਟ 5 ਸਾਲ ਸ਼ੱਕ ਦੀ ਬਿਨਾਅ ਤੇ ਨਿਗਰਾਨੀ ਰੱਖਣ ਦੀ ਪਾਬੰਦੀ ਨਾਮਜ਼ਦ ਕੀਤੀ ਜਾ ਚੁੱਕੀ ਹੈ।

**ਅੰਤਿਮ ਰੀਪੋਰਟਾ**

ਮਾਰਸ਼ਨ ਟ੍ਰਿਬਿਊਨਲ ਦੇ 20-1-1862 ਦੇ ਫੈਸਲੇ ਅਨੁਸਾਰ, ਲੋਕਾਂ ਦੇ ਸਾਹਮਣੇ, ਘਾਹ ਮੰਡੀ ਚੌਕ ਪੁਰਾਣੀ ਕੋਤਵਾਲੀ (ਪੁਰਾਣੀ ਸਰਾਂ) ਚੌੜਾ ਬਾਜ਼ਾਰ, ਲੁਧਿਆਣਾ ਵਿਚ 12 ਵਜੇ 26-1-1862 ਨੂੰ ਗਵਰਨਰ ਜਨਰਲ ਸਰ ਹੈਨਰੀ ਸਮਿਥ ਦੀ ਅਗਵਾਈ ਹੇਠ ਆਈ ਭਾਰੀ ਪੁਲੀਸ ਤੇ ਫੌਜ ਦੀ ਮੌਜੂਦਗੀ ਵਿੱਚ 7 ਬਾਗੀਆਂ ਨੂੰ ਸਰਕਾਰੀ ਕਾਰਜਵਿਧੀ ਮੁਤਾਬਕ ਫਾਂਸੀ ਲਾਉਣ ਦੀ ਕਾਰਵਾਈ ਪੂਰੀ ਕੀਤੀ ਗਈ।

ਉਨ੍ਹਾਂ ਦਾ ਦਾਹ ਸਸਕਾਰ ਨਾਨਕੇ ਪਿੰਡ ਬੱਦੋਵਾਲ ਵਿਚ ਕੀਤਾ ਗਿਆ। ਸ਼ਹੀਦਾਂ ਦੇ ਸਿਵੇ ਦੀਆਂ ਬਲਦੀਆਂ ਲਾਟਾਂ ਨੇ ਲੋਕਾਂ ਦੇ ਦਿਲਾਂ ਵਿਚ ਜਿੱਥੇ ਅੰਗਰੇਜ਼ ਸਰਕਾਰ ਪ੍ਰਤੀ ਨਫਰਤ ਦਾ ਸੰਚਾਰ ਕੀਤਾ, ਉਥੇ ਸ਼ਹੀਦਾਂ ਨੂੰ ਨਿੱਘਾ ਸਥਾਨ ਪ੍ਰਦਾਨ ਕੀਤਾ।

1857 ਨੂੰ ਪੰਜਾਬ ਵਿਚ ਥਾਂ ਥਾਂ ਛੋਟੇ ਪੱਧਰ ਤੇ ਬਗਾਵਤਾਂ ਹੋਈਆਂ। ਇਨ੍ਹਾਂ ਵਿਚੋਂ ਸਭ ਤੋਂ ਮਸ਼ਹੂਰ ਬਗਾਵਤ "ਨੀਲੀ ਬਾਰ ਦੀ ਬਗਾਵਤ" ਸੀ। ਨੀਲੀ ਬਾਰ ਦਾ ਵੱਡਾ ਇਲਾਕਾ ਅਣਵੰਡੇ ਪੰਜਾਬ ਦੇ ਸਾਹੀਵਾਲ ਜ਼ਿਲ੍ਹੇ ਵਿਚ ਪੈਂਦਾ ਹੈ। ਇਥੋਂ ਦੇ ਲੋਕਾਂ ਨੇ ਸਾਂਦਲਬਾਰ ਦੇ ਲੋਕਾਂ ਨਾਲ ਮਿਲ ਕੇ ਬਗਾਵਤ ਕੀਤੀ। ਇਨ੍ਹਾਂ ਦਾ ਆਗੂ ਅਹਿਮਦ ਖਾਨ ਖਰਲ ਸੀ। ਦੂਸਰੀ ਵੱਡੀ ਬਗਾਵਤ ਰੋਪੜ ਦੇ ਇਲਾਕੇ ਵਿਚ ਸਰਦਾਰ ਮਿਹਰ ਸਿੰਘ ਦੀ ਅਗਵਾਈ ਵਿਚ ਹੋਈ, ਜਿਸ ਨੇ ਆਪਣੀ ਸਰਕਾਰ ਦਾ ਐਲਾਨ ਕੀਤਾ ਤੇ ਉਸ ਦਾ ਨਾਂ 'ਮੁਗਲ ਖਾਲਸਾ ਸਰਕਾਰ' ਰੱਖਿਆ।

**ਸੰਪਰਕ: 0161-2805677**

# ਫਾਇਦੇ ਮੂਲੀ ਦੇ

✍– ਸੋਮਦੇਵ ਆਰੀਆ

ਸਰਦੀਆਂ ਦੇ ਮੌਸਮ ਵਿਚ 'ਮੂਲੀ' ਸਾਡੇ ਦੇਸ਼ ਵਿਚ ਬਹੁਤ ਜਿਆਦਾ ਹਰਮਨ ਪਿਆਰੀ ਸਬਜੀ ਹੈ। ਮੂਲੀ ਨੂੰ ਜਿੱਥੇ ਇਕ ਪਾਸੇ ਸਾਡੇ ਦੈਨਿਕ ਜੀਵਨ ਵਿਚ ਸਬਜੀ ਦੇ ਰੂਪ ਵਿਚ ਪ੍ਰਯੋਗ ਕੀਤਾ ਜਾਂਦਾ ਹੈ, ਉਥੇ ਦੂਜੇ ਪਾਸੇ ਸਲਾਦ ਦੇ ਰੂਪ ਵਿਚ ਮੂਲੀ ਦੀ ਉਪਯੋਗਤਾ ਬੇ-ਮਿਸਾਲ ਹੈ। ਸਰਦੀਆਂ ਦੇ ਅੱਧ ਵਿਚ ਤਾਂ ਧੁੱਪ ਦਾ ਅਨੰਦ ਉਠਾਂਦੇ ਹੋਏ 'ਮੂਲੀ' ਨੂੰ ਨਮਕ ਆਦਿ ਮਿਲਾਕੇ ਖਾਣ ਵਿਚ ਤਾਂ ਅਪਣਾ ਅਲਗ ਹੀ ਸਵਾਦ ਤੇ ਮਜਾ ਹੈ। ਇਹ ਸਾਡੇ ਦੈਨਿਕ ਜੀਵਨ ਦੀ ਖੁਰਾਕ ਦਾ ਇਕ ਅੰਗ ਬਣ ਚੁਕੀ ਹੈ। ਇਹ ਸਾਡੇ ਲਈ ਕਿੰਨੀ ਉਪਯੋਗੀ ਹੈ। ਆਓ ਇਸ ਤੇ ਸੰਖੇਪ ਵਿਚ ਵਿਚਾਰ ਕਰੀਏ।

ਇਸ ਮੌਸਮ ਵਿਚ ਸਭ ਤੋਂ ਸਸਤੀ ਤੇ ਮੌਸਮ ਵਿਚ ਆਸਾਨੀ ਨਾਲ ਮਿਲਣ ਵਾਲੀ 'ਮੂਲੀ' ਨੂੰ ਬੰਗਲਾ ਭਾਸ਼ਾ ਵਿਚ ਮੂਲਾ, ਮਹਾਂਰਾਸ਼ਟਰੀ ਤੇ ਕੰਨੜ ਵਿਚ ਮੂਲੰਗੀ, ਤਾਮਿਲ ਵਿਚ ਮੂਲੰਗ ਅਤੇ ਤੇਲੰਗੂ ਵਿਚ ਮੂਲੰਗਚੇਟੂ ਕਹਿੰਦੇ ਹਨ। ਇਸ ਦਾ ਇੰਗਲਿਸ਼ ਨਾਂ ਰੇਡਿਸ਼ ਹੈ।

**ਉਪਯੋਗ–**

ਮੂਲੀ ਨੂੰ ਵਿਭੰਨ ਪ੍ਰਕਾਰ ਨਾਲ ਪ੍ਰਯੋਗ ਵਿਚ ਲਿਆਉਣ ਨਾਲ ਕਈ ਬੀਮਾਰੀਆਂ ਵਿਚ ਲਾਭ ਹੁੰਦਾ ਹੈ।

**ਪੀਲੀਆ ਰੋਗ–**

ਆਯੁਰਵੈਦ ਮਾਹਿਰਾਂ ਦੇ ਮੁਤਾਬਿਕ ਮੂਲੀ ਦੇ ਪੱਤੇ ਅਤੇ ਮੂਲੀ ਦਾ ਰਸ ਅੱਧਪਾ, ਸ਼ਕਰ ਦੋ ਤੋਲਾ ਮਿਲਾਕੇ ਸਵਰ ਦੇ ਸਮੇਂ 15–20 ਦਿਨ ਤੱਕ ਪੀਣ ਨਾਲ ਪੀਲੀਆ (ਯਰਕਾਨ) ਨੂੰ ਬਹੁਤ ਫਾਇਦਾ ਹੁੰਦਾ ਹੈ, ਪ੍ਰੰਤੂ ਖਟਾਈ ਦਾ ਪ੍ਰਹੇਜ ਰੱਖੇ।

**ਬਵਾਸੀਰ ਵਿਚ–.**

ਮੂਲੀ ਬਵਾਸੀਰ ਵਰਗੇ ਵੱਡੇ ਰੋਗ ਵਿਚ ਵੀ ਠੀਕ ਸਾਬਤ ਹੁੰਦੀ ਹੈ। ਮੂਲੀ ਨੂੰ ਮਾਮੂਲੀ ਜਿਹੀ ਖੋਖਲੀ ਕਰ ਦਿਓ। ਤੋਲਾ ਰਸੌਂਦ ਰੱਖਕੇ, ਮੂਲੀ ਦਾ ਮੂੰਹ ਬੰਦ ਕਰਕੇ ਪਾਰੀਆਂ ਦੀ ਰਾਖ ਵਿਚ ਤਪਾ ਕੇ ਦੂਜੇ ਦਿਨ ਰਸੌਂਦ ਨੂੰ ਕੱਢ ਕੇ ਮੂਲੀ ਦੇ ਹੀ ਰਸ ਵਿਚ ਛੋਟੀਆਂ ਜਿਹੀਆਂ ਗੋਲੀਆਂ ਬਣਾ ਲਵੋ। ਇਹ ਗੋਲੀ ਸਵੇਰੇ ਸ਼ਾਮ ਪਾਣੀ ਨਾਲ ਲਵੋ। ਬਵਾਸੀਰ ਵਿਚ ਬਹੁਤ ਉਪਯੋਗੀ ਸਾਬਤ ਹੁੰਦੀ ਹੈ।

**ਦਾਦ ਦੇ ਲਈ–**

ਮੂਲੀ ਦੇ ਬੀਜ, ਗੰਧਕ, ਆਂਵਲਾ ਸਾਰ, ਗੁੱਗਲ ਸਭ ਦੋ-ਦੋ ਤੋਲਾ, ਨੀਲਾ-ਥੋਥਾ 6 ਮਾਸਾ। ਸਭ ਨੂੰ ਬਾਰੀਕ ਕਰਕੇ ਅੱਧ ਪਾ ਪਾਣੀ ਵਿਚ ਪੀਸ ਲਵੋ। ਫਿਰ ਉਸ ਨੂੰ ਉਬਾਲੋ। ਜਦੋਂ ਪਾਣੀ ਸੁੱਕ ਜਾਏ ਤਾਂ ਰਗੜ ਕੇ ਦਾਦ ਤੇ ਲਗਾਉ। ਕੁਝ ਹੀ ਦਿਨਾਂ ਵਿਚ ਦਾਦ ਆਪ ਹੀ ਸਮਾਪਤ ਹੋ ਜਾਵੇਗੀ।     ਧੰਨਵਾਦ ਸਹਿਤ ਏਕ ਨਜ਼ਰ ਵਿਚੋਂ ਪ੍ਰਾਪਤ।

# Satguru Jagjit Singh Ji's welcome in an International Peace Event

✍– **Navjot Kaur**

Nearly three decades ago, in the month of October in 1980, an event ''International Federation of Religions for Eternal Peace and World'' was organized in Bangkok, Thailand. This was the time when the world was simmering with tensions amongst nations and the fear of an all-out war was very eminent. The world was recklessly plunging itself into the wretchedness of an arms race, even after having firmly established the consequences of military doctrine- mutually assured destruction (MAD) in the event of a nuclear war. The nightmare of ensuing annihilation of mankind was beyond imagination. In those dark times, few conscious persons in the cosmopolitan city of Bangkok were thinking about ways to bring the imperious human mind to stability of universal brotherhood and the world to a state of peace. The federation was headed by Dr. Suchart Kosolkitiwong, who founded World Peace Envoy in 1973 to work for international peace efforts. At a time when the nations were involved in efforts to design weapons for causing maximum damage to mankind, the motto of World Peace Envoy has been to keep working for universal friendship and reconciliation. Their web-page mentions ''Our work will be comprehended by people by a hundred years ahead...''. The zeal with which the organization has worked is highly commendable. Its executive committee is composed of many eminent personalities who have excelled in their respective fields.

In the international conference held on 19th October 1980, the event was inaugurated by Satguru Jagjit Singh Ji. In the attendance of thousands of participants, Dr. Suchart welcomed Satguru Jagjit Singh Ji and delivered his 'Welcome Address'. The contents of the Welcome Address by Dr. Suchart Kosolkitiwong are given below:

'' I, a very trivial being, feel honored to be appointed as head by Director of Religions Department to welcome you all, the well-wishers of the world peace.

Today, we have gathered here with the view of international peace because the people of world are frightened by the dangers of war. The thoughts of human are trending in wrong direction. Mind is engaged in manufacturing weapons. To comfort heart and mind, (mankind) is engaged in accumulating the materials of world and which, does not hesitate at all in accomplishing this by force or bloodshed.

From this, it becomes clear that human is progressing towards the path of sin. The (religiously) devoted people do not have weapons, but religion is our defender, which has given us satisfaction. Today, many leaders of people adopt wrong ways so that spontaneously by conflict, support and land of others can be annexed. This is happening at the borders of many countries.

As a saying goes ''Before the arrival of storm, wind blows''. The present condition can be compared to that. Small skirmishes like these have the potential to turn into serious wars. Because the intentions of mankind is full of tensions and desire for supremacy.

All we, the religion-minded people that have gathered here, let's pray with the power of true and pious thoughts, to our God that the all-powerful Supreme accepts our prayers and mends as well as purify the minds of those few people (leaders), who are present in every country- Whose minds are overflowing with anger and are wishful of violence. (That) they (such people as referred to above) behave like humans, their minds become tolerant and by turning away from deadly battles, they assemble together and talk about world peace.

It is not possible achieve international peace by money, weapons, or by the strength of one's numbers. Real contentment and happiness, can be attained by our goodness, reality, brotherhood, love, true and pious thoughts.

Sache Patshah Ji ! (referring to Sri Satguru Jagjit Singh Ji), you are the holder of actual happiness and peace of the world. Directors of the world peace (World Peace Envoy) have prayed in your sacred lotus feet that you bless by being the prime head of this ceremony of international peace. You have done a great favor on the Directors of today's occasion of world peace, by accepting our invitation and coming from the soil of Punjab Hindustan.

Now the time has come, blessed is the present time. I, a trivial being, pray in your sacred lotus feet, to inaugurate the today's programme for content and peace of the world.

(Sri Satguru inaugurated the event upon request of Dr. Suchart Kosolkitiwong and delivered his holy sermon for the benefit of mankind. The web-page of World Peace Envoy under the tab 'The 2nd Religious Mission for Peace to India 18-26 November 1977' very proudly exhibits the camera captured moments of Dr. Suchart receiving blessings from Sri Satguru Jagjit Singh Ji on November 25, 1977 at Sri Bhaini Sahib. Earlier, on November 22, Dr. Suchart met the then Prime minister of India Morarji Desai at his official residence in New Delhi and discussed about vegetarianism and world peace. Along with Satguru Jagjit Singh Ji, Dr. Suchart also attended the 24th World Vegetarian Congress in New Delhi (November 20-23, 1977). During his visit to Sri Bhaini Sahib, Dr. Suchart presented Budhhist texts in Thai to Sri Satguru Ji and addressed the gathering by saying the following words, taken from the web-page, as "......at the occasion of the meeting of the Buddhist leaders and the Namdhari Sikh leaders today, in the presence of the gathered Namdharis, let all of us make our wishes and pray together for one minute to the Lord whom we each believe in, so that our wishes will be in unison to receive His blessing for "PEACE" in this world, I say with certain belief that there is no boundary nor obstacle for religions to work in unity for "PEACE" in this world....."

# A SAGA OF
# SRI SATGURU JAGJIT SINGH JI

✍ –Dr. Sharada Jayagovind

## Father and Son

ਗੁਰ ਸਿਖ ਇੱਕੋ ਹੋਇ ਜੋ ਗੁਰ ਭਾਇਆ।
Gur Sikh Iko Hoi Jo Gur Bhaaiaa.
It was the Lord's desire that the Guru and the disciple would become one.

The life story of Namdhari Sikh Gurus is like the birth and flow of holy rivers - divine and perennial. It is like the story of river Ganga who descends from the heavens. She is called Gangotri at the snow-peaked Gomukh; she is Bhagirathi in the Himalayan ranges and Ganga in the plains before she finally merges with the mighty ocean at Ganga Sagar. By whatever name you call her she is the same life force. Similarly, the divinity and continuity of the guruparampara can be seen in Namdhari Sikh tradition. This tradition starts with Guru Nanak, and that divine light Singh ji, Satguru Partap Singh ji, Satguru Jagjit Singh ji and now in Satguru Uday Singh ji.

Like Prince Bharata who took care of Ayodhya during the exile of his brother Sri Rama, Satguru Hari Singh ji reigned over the Namdhari Sangat when his elder brother Satguru Ram Singh ji was banished to Rangoon.

During Satguru Hari Singh ji's reign (1872-1906) the British rulers were so repressive that the Satguru had to seek their permission before he travelled out of Sri Bhaini Sahib. He was confined to this gurdwara for thirty-four long years. His greatest contribution was keeping the Namdhari sangat together to preserve the spiritual and patriotic fervour of Namdharis at the most critical time when the British were trying to wipe away the Kuka movement.

In 1899, when famine stalked across the states of Punjab and Bikaner, the langar of Sri Bhaini Sahib fed thousands of people each day, regardless of caste and creed. Impressed by this selfless service, the British Commissioner of Ambala offered to donate two thousand five hundred acres of land to Sri Bhaini Sahib for the common kitchen. Satguru Hari Singh ji declined the offer with these words:

“By taking two thousand five hundred acres of land from you, should we accept that our motherland belongs to you? No, we shall not do that. The land and the country is ours. We will take it back from you and you will have to leave our land.”

When Satguru Hari Singh ji merged with the eternal light in 1906, the responsibility of leading the Namdhari sangat fell on his son Satguru Partap Singh ji, who ascended the throne at the age of sixteen. By then, the ugliest face of imperialism had manifested itself in the massacres of Namdharis at Amritsar, Raikot and Malerkotla. The Namdharis were still reeling under the oppressive rule of the British. Sri Bhaini Sahib was under the strict surveillance of the police. Namdharis were persecuted for holding religious congregations which was considered an unlawful activity.

Satguru Partap Singh ji had a big challenge before him. He had to first inspire and retain the flock of faithful Namdharis and join hands with the rest of the patriots to fight the alien rule. He had understood that the only answer to the divide-and-rule policy of the British was to unite and fight. But how was he to achieve this when the British rulers prevented even the assembly of more than five Namdharis at one place? The laws were very harsh and even reading the Gurbani attracted imprisonment. Under these circumstances, how could he hold discourses or gatherings of his disciples? But a Satguru always knows the way. He continued to tread the path shown by Satguru Ram Singh ji, the path of spiritual empowerment through naam simran, nonviolence and non-cooperation against the British.

During the First World War in 1914 when the British rulers gave a call to Indians to join the army and fight along with the Allies, Satguru Partap Singh ji issued an order to Namdharis not to heed the call. He said that Namdharis would shed blood for their motherland and not for the white tyrants. Satguru Partap Singh ji's political wisdom saved the precious lives of Namdharis. Gandhi ji and Congress hoped that cooperating with the British would hasten the freedom of India and encouraged recruitment of thousands of Indians into the British army. But in 1919, soon after the First World War, British rulers paid back this service with the Jallianwala Bagh massacre.

Fortunately, after the First World War, the British rulers relaxed their hold on India. In 1923, the vigil on Sri Bhaini Sahib was lifted and the Namdharis were relatively free to worship and live without fear.

**to be continue.......**

# THE SALINE SEA: FROM BARRIER TO BRIDGE

-Ajmer Singh

Historically, the sea has served as the best means of separating a prisoner from the native land during imprisonment by authoritarian regimes. This was both a punishment for the prisoner and acted as an effective way to stop any communications between the prisoner and others, so that any anti-regime ideas did not get disseminated. Great leaders have a long vision, and often they foresee a change that common people are not able to catch in time. During the era of colonialism and imperialism, the ill effects of authoritarian regimes had been, time and again, forecasted and intimated to general public by different visionaries. In order to prevent the damage to their authority by revelations and propaganda of noted personalities , authoritarian regimes had used the punishment of transportation 'overseas' to prevent the fostering of mass movements against them. This was particularly true of the British imperialism, which imprisoned Bhai Maharaj Singh, a saint who led an anti-British movement in Punjab after the first Anglo-Sikh war. Bhai Maharaj Singh was transported to Singapore, where he died a few years later. As during his confinement, his ideas were kept away from the masses, an awakening among the masses could not be achieved.

This was not the first time that imperial British had used sea as a means of separation. The English government was practicing overseas transportation since 1615. The British empire, which was referred to as 'an empire on which the sun never sets', ruled one-quarter of human population and likewise covered one-quarter of the earth's territory at a particular time in history. The richness of India, in terms of its natural resources, manpower, position on the global navigation, all strengthened the British empire during its years of colonialism. The imperial British tweaked the nation's history, culture and even religion to create faithful loyalists, who in turn, either directly or indirectly, helped re-model the social structure for benefit of authoritarianism. The famous novelist and Nobel prize winner, Doris Lessing, once remarked, **'You know, when I was a girl, the idea that British empire could ever end was absolutely inconceivable**'. She further said, adding to her once firmly-held notion, 'And it just disappeared, like all other empires'. A humongous empire, which had mastered the art and tactics of winning wars, subjugating people, planning conspiracies, overwriting cultures and framing them so as to suit their imperial interests, with no regard to how badly such policies held the potential to harm cultures, demographics and even religions and their principles, the British colonial empire had no looking back. **After the annexation and subjugation of Punjab, the British imperialism was in all time high, until, '(Satguru Ram) Singh came along'**. The book '1000 Years, 1000 People: Ranking the Men and Women Who Shaped the Millennium'' by Agnes Gottlieb describes only one personality with Sikh nomenclature, Satguru Ram Singh Ji and describes his achivements in the following words, **'Because these men (the subjugated people of Punjab**

**and who entered the group of 'Kukas') were poor and from low castes, they had unquestionable accepted the British domination until Singh came along'.** The trigger point was the teachings of Satguru Ram Singh Ji, which awakened the sleeping populace. British imperialists always strived hard to avail an excuse to exile Satguru Ram Singh Ji, in order to subjugate the people again.

British imperialism tried all possible ways of preventing the communication of Satguru Ram Singh Ji with general masses of Punjab, in order to save their empire. This included the strategy of 'home arrest'. When nothing could stop the caravan of awakening, the British, with the aid of puppet princes of Punjab, resorted to their age-old tradition of ''overseas transportation''. For the first three years, the British policy turned out to be a success as no contacts with Satguru Ram Singh could be made. However, the complete success, which the British hoped to achieve, was nullified by the guidance of Satguru Hari Singh Ji, who kept the spirit of freedom alive in the Namdhari Sikhs. Seeing the love and devotion of Namdhari Sikhs to their Guru, Satguru Ram Singh Ji, one day, the generous wife of the District superintendent of Ludhiana, J.P. Warburton, told the location of Satguru Ram Singh Ji to Baba Darbara Singh Ji.

This initiated a series of voyages by many Namdhari Sikhs, ninety six in number, that had not been heard of previously. These voyages were different from all other sea travels, that humankind had completed till then. These sea voyages represented the daring nature of Namdhari Sikhs, whose love for their Guru, eliminated the worldly fear out of them. This is a tale of how a small community brought a vast empire to its knees, where ''the ever-lit sun of the empire could not detect the secret meetings of the Sikhs with their Guru''. How the biggest of all empires (in terms of military might and resources) felt desperate in front of the smallest of all communities (in terms of numbers) is an amazing example of the heights to which a sincere human conduct, guided the principles of truth and love, can reach.

Prior to the overseas transportation of Satguru Ram Singh, more than <u>one and a half lakh prisoners</u> had been transported in a similar way in the last hundred years. But like the revolutionary ideas of Non-cooperation and Boycott pioneered by Satguru Ram Singh Ji, his continued communication with Sikhs, despite his confinement, was equally revolutionary. The British government was at a complete loss to understand a practical way of confining Satguru Ji, similar to their inability to respond to the excellent, empowering instruments of Non-cooperation and Boycott, using which India and other nations got freedom and broke the backbone of British imperialism.

The ineptitude of the clever imperialists in terminating the communication links of Satguru Ji with Namdhari Sikhs is well-exemplified in their own words, mentioned in once highly confidential reports. *In one confidential letter, the British authorities discussed the prospects of transferring Satguru Ram Singh Ji to Table Island, an island near Taiwan in South China sea and five thousand kilometres away from the initial location of Satguru Ji at Rangoon.* From Rangoon, Satguru Ji was transferred to another island, Mergui. But the communications of Satguru Ji with Sikhs kept on happening. The sea barrier was not effective in containing the voice and vision of Satguru Ji, which the British had expected to achieve by overseas transportation. It is worthwhile noticing the incapacity and desperation of the imperial government in confining one personality, despite the excess of options and finest of strategists.

The discussion of a possible confinement in Table Island is interesting to note. The distance of this island from Rangoon is more than twice the distance from west to east of the big Indian mainland. *Yet the British imperialists who knew about the zeal of Sikhs of Satguru Ram Singh Ji were sure that nothing could withhold the flood of love of Sikhs with Satguru Ji.*

On 4th May 1881, a confidential report of British Burma wrote, '***It will be remembered that last year (Guru) Ram Singh was transferred from Rangoon to Mergui on the recommendation of the Chief Commissioner, as he thought that means of communication with him there would be difficult, inasmuch as there was only a fortnightly mail steamer to the place, and the arrival of natives of India there, who alone would be likely to attempt intercourse with (Guru) Ram Singh, would be noticed, so that their movements could be watched***'.

Already communications of Sikhs had happened with Satguru Ram Singh Ji in Mergui. Mergui was thought to be one of the most inaccessible places and referred to as ''**out-of-the-way spot (where) that arrival of any Sikhs in that place would at once be noticed...and access to (Guru ) Ram Singh would be next to impossible**''. It was also stated that as Satguru Ram Singh Ji was being confined as a political detenu, observations were maximum on him (to prevent any kind of contacts). The report also suggested that no Punjabees or up country men be employed in the custody or even the jail. **The report acknowledged that fact that in spite of all the above hurdles, communications of Sikhs with Satguru Ji still happened.**

The report went on to say, ***'Mr. Bernard now reports that a weekly steamer will shortly be returning to Mergui, and that (Guru) Ram Singh and his place of confinement will then become easier to access, and it may be difficult to prevent determined persons from communicating with him. He accordingly proposes to transfer (Guru) Ram Singh to Table Island, which forms one of the Cocos group. There is a light-house upon it with a European light-keeper, in whose charge it is proposed to place (Guru) Ram Singh***'.

Expressing their inability to still contain the zealous followers of Satguru Ram Singh Ji from meeting him despite the all-round inaccessibility, the report further said, '***Mr. Bernard, however, is not quite sanguine that even these measures would affect the desired object (of cutting the communication of Satguru Ram Singh Ji with his Sikhs); for, he says, it is possible that the Native light-keepers might be ready to convey letters to and from (Guru) Ram Singh for a consideration***'.

The report then went on to analyze the potential of far-flung 'Table Island' for destroying the communication link of Satguru Ji with Sikhs. The report said, '***The point of consideration is, whether 'Table Island' is the best place for (Guru) Ram Singh under the circumstances. We are told that the island is not visited by any vessels except the I.G.S. Enterprise; that it has a European light-keeper with a few assistants; and that (Guru) Ram Singh would be cut off from the visits and letters of his friends'***.

In the Table Island, one Mr. Sherlock Hare had established his commercial coconut enterprise. And only one steamer I.G.S. Enterprise was visiting that place. Cutting down the contacts of Sikhs with Satguru Ram Singh Ji was sure to be an impossible task for British imperialists, even despite the fact of only one steamer visiting the distant Table Island. As it was stated by an official named Thompson, '***I don't think that Table Island would do (the task of isolating Satguru Ji from***

***Sikhs), especially if Mr. Sherlock Hare has established his commercial coconut enterprise at that place*** (It is interesting to note the use of word 'especially' in the above statement, this points out to **the feeling of a 'literal impossibility' of severing the contacts of Satguru Ji with Sikhs, which the British imperialists held strongly in their minds by then**, and which, itself, is a testament, to the unparalleled, incomparable, and one-of-its-only-kind bond of love that the Sikhs have with Satguru Ram Singh Ji).

Expressing the above-mentioned, admitted inability to contain the dedicated freedom fighters committed to liberation of their country, the report describes the zeal and determination of Kukas in the following exemplary words,**'' The keenness and pertinacity with which Kukas Ram Singh's followers seek him, and the means at their disposal, show the difficulties of cutting him off from all communication with his Punjab disciples. On Table Island he would be much more at liberty than on the main land, and the light-house keepers and the lascars of the Enterprise could easily be bought over to convey written papers to (Guru) Ram Singh's agents at Rangoon and elsewhere''**.

**The love and devotion of Sikhs to the command of their Satguru is exceptional. They turned the sea barrier into a bridge for continuous communications.** In order to reach Table Island from Calcutta, a tiring journey of more than six thousand kilometers, travelling from Malaysia, Singapore to Philippines, entering South China sea to reach the island in a course of fortnightly journey had to be encompassed by the Sikhs, who otherwise in their lifetime, may never have had gone out of Punjab itself. But they were sure to undertake the challenging sea journey for the sake of their Guru. They were sure that the Satguru who will take them through the devout sea of *Bhav Saagar* would definitely let them through a worldly ocean as well. And the British now were fully cognizant of the abilities of the Sikhs of Satguru Ram Singh Ji. Notwithstanding the excesses of public persecution against them, the Sikhs remained steadfast. This steadfast devotion is again described by the British themselves in **Punjab District Gazeteer Volume XV Ludhiana District and Malerkotla State 1904** in the following words, ''**The truth is that it is not possible for a Kuka to be a loyal subject of the British Government, as the avowed object of Guru Govind Singh, whose incarnation (Guru) Ram Singh professes to be, was a temporal kingdom; and the establishment of this under (Guru) Ram Singh is the first element in the faith of the sect''**. This statement by the rivals of Kukas emphasizes the ideology of the Sikhs, and is a tribute to the leadership of Satguru Hari Singh Ji, who kept the Sikhi garden 'evergreen' after the self-willed disappearance of Satguru Ram Singh Ji from Mergui (The British imperialists had no physical remains like clothes, articles of Satguru Ram Singh Ji to handover to Satguru Hari Singh Ji and also concocted a false reason for the alleged ill-health of Satguru Ram Singh Ji, a reason that later got exposed as well).

Sant Santokh Singh Ji Bahowal has beautifully described the fortunate events which led to initiation of voyages by Sikhs to meet Satguru Ram Singh Ji at Rangoon and then at Mergui also. The following is the extract from granth **'Satguru Bilas Volume 2'**, and narrates the beginning of a proud and inspiring history of devotee's love, truthful human conduct and of course, the genesis of all, blessings of the true Guru. Sant Santokh Singh Ji has related the overseas visits of Sikhs to meet Satguru Ram Singh

Ji with a sentence from Gurbani.

**Visit of Baba Darbara Singh to Rangoon**

Now the context, of how Baba Darbara Singh Ji, first among all others, went to Rangoon for *darshan* of Satguru Ji, to fulfill the vaak,
"ਸਮੁੰਦ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ" (Even though the oceans and the salty seas are very vast, the GurSikh will cross over it to get to his Guru)
[Ang 757 Line 19 Raag Suhi: Guru Ram Das]
Month Poh Sambat 1931 (December 1875).

Satguru Hari Singh Ji and the entire Sangat always used to be in thoughts that (they are) not able to know where Satguru Ram Singh Ji has been taken from *Prayagraj* (Allahabad). (They used to think that) if we come to know about the physical location of Satguru Ram Singh Ji, we shall go to have his *darshan*. Baba Darbara Singh used to go to meet J.P. Warburton in Ludhiana for various tasks. One day, when Baba Darbara Singh Ji went, the wife of Warburton asked Baba Darbara Singh Ji if he knew where Satguru Ram Singh Ji was. Baba Ji replied in negative. The lady told that Satguru Ram Singh Ji is in a bangalow in Rangoon (Burma). (When Warburton overheard the conversation between Baba Darbara Singh Ji and his wife), he scolded his wife telling her that now they (Kukas) would start visiting Rangoon. His wife replied as to what was wrong in that (Sikhs visiting Satguru Ram Singh Ji) as he is their Guru. His wife continued, 'If someone tells us of Christ, then what's the harm in that, what's the objection in that?' The, Warburton's wife told Baba Darbara Singh to first go to Calcutta, from Calcutta to go to Rangoon on a steamer. She revealed the location of Satguru Ram Singh Ji's bangalow, where he has been placed.

Baba Darbara Singh Ji narrated the whole incident to Satguru Hari Singh Ji that Satguru Ram Singh Ji has been placed in Rangoon. Hearing this, everybody overjoyed (on getting to know about the location of Sri Satguru Ji). Satguru Hari Singh Ji asked Baba Darbara Singh to go to Rangoon, telling that this was the work to be fulfilled by Baba Ji only. Baba Ji took leave of one month (as Sri Bhaini Sahib was under strict surveillance at that time), citing that he intended to visit his son in Patiala. On reaching Patiala, he told his son to inform anybody, who enquires about Baba Ji, that he has gone in deep meditation inside and would not talk to anyone. This way, Baba Ji started his journey to Rangoon secretively to meet his beloved Sri Satguru Ram Singh Ji.

**...ਬਾਕੀ ਸਫ਼ਾ 5 ਦੀ** **(ਹਿੰਦ ਦੀ ਜਿੰਦ....)**

"ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਵਾਰੀਖ ਵਿੱਚ ਗੁਰੂ ਗੋਬਿੰਦ ਸਿੰਘ ਤੋਂ ਬਿਨਾ ਕੋਈ ਵੀ ਇਤਿਹਾਸਿਕ ਹਸਤੀ ਅਜੇਹੀ ਨਹੀਂ ਹੋਈ, ਜਿਸਨੇ ਆਪਣੇ ਜੀਵਨ ਮਨੋਰਥ ਦਾ ਨਿਸ਼ਾਨਾ ਇਤਨਾ ਹਮਾਗੀਰ ਅਤੇ ਉੱਚਾ ਰੱਖਿਆ ਹੋਵੇ ਕਿ ਜਿਸਦਾ ਮੰਤਵ ਜਾਤੀ ਤੇ ਜਨਤਾ ਦੇ ਆਤਮ ਤੌਰ ਤੇ, ਰਾਜਸੀ ਤੌਰ ਤੇ ਸਾਰੇ ਭਰਮਾਂ ਤੇ ਬੰਧਨਾਂ ਨੂੰ ਤੋੜ ਕੇ ਉਸ ਨੂੰ ਉੱਨਤੀ ਦੀ ਸਿਖਰ ਉੱਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਤੋਂ ਪਿੱਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਖ ਭਾਰਤ ਵਰਸ਼ ਵਿੱਚ ਬਾਬਾ ਰਾਮ ਸਿੰਘ ਜੀ ਦੇ ਰੂਪ ਦਾ ਇਉਂ ਝਲਕਾਰਾ ਪੈਣਾ ਕਿ ਉਹ ਬਾਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਦਾ ਪ੍ਰਤੀਬਿੰਬ ਜਾਂ ਅਕਸ ਹੀ ਸਮਝਣ, ਇੱਕ ਕੁਦਤਰੀ ਜਿਹੀ ਗੱਲ ਹੈ। "

ਗੁਰੂ ਗੋਬਿੰਦ ਸਿੰਘ ਦਾ ਨਾਮ 'ਅਤ ਹੀ ਰਨ ਮੈ ਤਬ ਜੂਝ ਮਰੋਂ' ਦੀ ਪ੍ਰੇਰਣਾ ਹੈ, ਹਿੰਦ ਵਾਸੀਆਂ ਵਿੱਚ ਅਣਖ ਦੀ ਜੀਵੰਤ ਜਿੰਦ ਹਨ-ਦਸਮ ਪਾਤਸ਼ਾਹ। ਆਪ ਦੇ ਜੀਵਨ ਫਲਸਫੇ ਦਾ ਸਾਰ ਆਪ ਦੀ ਗੁਰਬਾਣੀ ਵਿੱਚ ਸਪਸ਼ਟ ਹੈ-

ਨਾ ਛਾਡਊਂ ਕਹੂੰ ਦੁਸਟ ਅਸੁਰਨ ਨਿਸਾਨੀ॥
ਚਲੈ ਸਭ ਜਗਤ ਮੈ ਧਰਮ ਕੀ ਕਹਾਨੀ॥ "
ਅਤੇ
ਸਭੈ ਸ੍ਰਿਸਟਿ ਪਰਜਾ ਸੁਖੀ ਹੋਇ ਬਿਰਾਜੈ॥
ਮਿਟੈ ਦੂਖ ਸੰਤਾਪ ਆਨੰਦ ਗਾਜੈ॥

--------------------

## ਸੱਤਵਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ, ਸ੍ਰੀ ਭੈਣੀ ਸਾਹਿਬ, 28-29 ਨਵੰਬਰ 2018



ਸ੍ਰੀ ਸਤਿਗੁਰੂ ਉਦੇ ਸਿੰਘ ਜੀ ਜੋਤ ਪ੍ਰਜਵਲਿਤ ਕਰਦੇ ਹੋਏ



ਸ੍ਰੀ ਭੈਣੀ ਸਾਹਿਬ ਦੇ ਸੰਗੀਤ ਵਿਦਿਆਰਥੀ ਬੱਚੇ



ਹਜ਼ੂਰੀ ਰਾਗੀ ਬਲਵੰਤ ਸਿੰਘ ਜੀ ਅਤੇ ਸਾਥੀ



ਸ. ਗੁਰਦੇਵ ਸਿੰਘ ਜੀ ਦੁਆਰਾ ਸਰੋਦ ਵਾਦਨ ਤੇ ਤਬਲੇ ਤੇ ਅਜੇਪਾਲ ਸਿੰਘ



ਪੰ.ਪ੍ਰਵੀਨ ਗੋਰਖੰਡੀ ਜੀ, ਯੋਗੇਸ਼ ਸਮਸੀ ਜੀ ਅਸ਼ੀਰਵਾਦ ਪ੍ਰਾਪਤ ਕਰਦੇ



ਪੰ.ਪ੍ਰਵੀਨ ਗੋਰਖੰਡੀ ਜੀ, ਯੋਗੇਸ਼ ਸਮਸੀ ਜੀ ਪੇਸ਼ਕਾਰੀ ਦਿੰਦੇ ਹੋਏ




ਬੱਚੀ ਪ੍ਰਭਜੀਤ ਕੌਰ ਅਤੇ ਤਬਲੇ ਤੇ ਰਤਨ ਸਿੰਘ



ਸ੍ਰੀ ਸਤਿਗੁਰੂ ਜੀ ਪੰ. ਅਜੇ ਚਕੱਰਵਰਤੀ ਜੀ ਨੂੰ ਸਿਰਪਾਓ



ਪੰ.ਅਜੇ ਚਕੱਰਵਰਤੀ ਜੀ ਤੇ ਸਾਥੀ ਪੇਸ਼ਕਾਰੀ ਕਰਦੇ ਹੋਏ


ਪੰ.ਅਜੇ ਚਕੱਰਵਰਤੀ ਜੀ ਤੇ ਸਾਥੀ ਪੇਸ਼ਕਾਰੀ ਉਪਰੰਤ ਅਸ਼ੀਰਵਾਦ ਪ੍ਰਾਪਤ ਕਰਦੇ ਹੋਏ


ਸ੍ਰੀ ਯੋਗੇਸ਼ ਸਮਸੀ ਜੀ ਅਸ਼ੀਰਵਾਦ ਪ੍ਰਾਪਤ ਕਰਦੇ ਹੋਏ


ਉਸਤਾਦ ਜ਼ਾਕਿਰ ਹੁਸੈਨ ਜੀ ਨਾਲ ਸਾਬਿਰ ਖਾਨ ਜੀ, ਮਾਰਕਸ ਗਿਲਮੋਰ


ਮਸ਼ਹੂਰ ਡਰੰਮ ਮਾਸਟਰ ਮਾਰਕਸ ਗਿਲਮੋਰ


ਉਸਤਾਦ ਜ਼ਾਕਿਰ ਹੁਸੈਨ ਅਸ਼ੀਰਵਾਦ ਪ੍ਰਾਪਤ ਕਰਦੇ ਹੋਏ


ਜ਼ਾਕਿਰ ਹੁਸੈਨ ਜੀ ਉਸਤਾਦ ਗੁਰਦੇਵ ਸਿੰਘ ਜੀ ਨੂੰ ਪੁਰਸਕਾਰ ਦਿੰਦੇ ਹੋਏ


ਸ੍ਰੀ ਸਤਿਗੁਰੂ ਜੀ ਉਸਤਾਦ ਯੋਗੇਸ਼ ਸਮਸੀ ਜੀ ਨੂੰ ਪਰਸਕਾਰ ਦਿੰਦੇ ਹੋਏ



ਮਾਰਕਸ ਗਿਲਮੋਰ ਸ੍ਰੀ ਸਤਿਗੁਰੂ ਜੀ ਤੋਂ ਅਸ਼ੀਰਵਾਦ ਪ੍ਰਾਪਤ ਕਰਦੇ ਹੋਏ



ਸ੍ਰੀ ਸਤਿਗੁਰੂ ਜੀ ਵੱਲੋਂ ਤੌਫੀਕ ਕੁਰੈਸ਼ੀ ਜੀ ਨੂੰ ਸਿਰਪਾਓ ਬਖਸ਼ਿਸ਼



ਤੌਂਫੀਕ ਕੁਰੈਸ਼ੀ ਜੀ ਪੇਸ਼ਕਾਰੀ ਦਿੰਦੇ ਹੋਏ ਨਾਲ ਸ੍ਰੀ ਅਨੰਥਾ ਕ੍ਰਿਸ਼ਨਨ ਜੀ



ਤੌਂਫੀਕ ਕੁਰੈਸ਼ੀ ਸ੍ਰੀ ਸਤਿਗੁਰੂ ਜੀ ਤੋਂ ਅਸ਼ੀਰਵਾਦ ਪ੍ਰਾਪਤ ਕਰਦੇ ਹੋਏ



ਸ੍ਰੀ ਸਤਿਗੁਰੂ ਜੀ ਉਸਤਾਦ ਸਾਬਿਰ ਖਾਨ ਜੀ ਨੂੰ ਸਿਰਪਾਓ ਦਿੰਦੇ ਹੋਏ



ਸ੍ਰੀ ਸਤਿਗੁਰੂ ਜੀ ਉਸਤਾਦ ਜ਼ਾਕਿਰ ਹੁਸੈਨ ਨਾਲ ਬਚਨ-ਬਿਲਾਸ ਕਰਦੇ ਹੋਏ





ਸੰਗੀਤ ਸੰਮੇਲਨ ਦੌਰਾਨ ਸ੍ਰੋਤਾ ਮੰਡਲ ਅਨੰਦ ਮਾਣਦੇ ਹੋਏ

# ਸੱਤਵਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ
## ਸ੍ਰੀ ਭੈਣੀ ਸਾਹਿਬ, 28-29 ਨਵੰਬਰ 2018



ਸ੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੀ ਸਮਾਪਤੀ ਤੋਂ ਬਾਅਦ ਵਿਸ਼ਵ ਪ੍ਰਸਿੱਧ ਕਲਾਕਾਰ
ਸ੍ਰੀ ਸਤਿਗੁਰੂ ਜੀ ਤੋਂ ਅਸ਼ੀਰਵਾਦ ਪ੍ਰਾਪਤ ਕਰਦੇ ਹੋਏ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੌਰਾਨ: ਮੰਚ ਤੇ ਖੱਬਿਓਂ-
ਸੁਖਵਿੰਦਰ ਸਿੰਘ ਲਾਇਲ, ਹਰਪਾਲ ਸਿੰਘ ਸੇਵਕ, ਸ੍ਰੀ ਸੁਰਜੀਤ ਪਾਤਰ ਜੀ, ਬੀਬੀ ਭਾਗੋ ਕੌਰ, ਗੁਰਪ੍ਰੀਤ ਸਿੰਘ।

# ਕਾਵਿ-ਕਿਆਰੀ

## ਪ੍ਰੀਤਮ ਪਿਆਰਾ
## (ਸ੍ਰੀ ਗੁਰੂ ਗੋਬਿੰਦ ਸਿੰਘ ਜੀ)

**-ਸੰਤ ਰਾਮ ਉਦਾਸੀ**

ਮੇਰੀ ਸਖੀ ਸਹੇਲੜੀਓ, ਇਕ ਹਾਲ ਸੁਣਾਵਾਂ ਨੀ,
ਦੁੱਖ ਸੁਣਕੇ ਬੱਚਿਆਂ ਦਾ ਮਰ ਜਾਵਣ ਮਾਵਾਂ ਨੀ।
ਜਦ ਧਰਮ ਨੂੰ ਖ਼ਤਰਾ ਸੀ, ਸਰਮਾਏਦਾਰੀ ਤੋਂ,
ਵਹਿਮਾਂ ਤੇ ਰਸਮਾਂ ਤੋਂ ਤੇ ਫਿਰਕਾਦਾਰੀ ਤੋਂ।
ਰਾਜੇ ਜਰਵਾਣੇ ਨੀ, ਕਰ ਜ਼ੋਰ ਪਿੰਡਾਣੇ ਨੀ,
ਪਤ ਖੋਕੇ ਲੋਕਾਂ ਦੀ ਕਰਦੇ ਮਨ ਭਾਣੇ ਨੀ।
ਲੋਕਾਂ ਦੀਆਂ ਲਹਿਰਾਂ ਨੂੰ ਜਨਤਾਂ ਦੀਆਂ ਮੰਗਾਂ ਨੂੰ,
ਲੋਕਾਂ ਦੀ ਸ਼ਾਨ ਦੀਆਂ, ਉਹਨਾਂ ਸਿਖਰ ਦੁਪਹਿਰਾਂ ਨੂੰ,
ਜ਼ਾਲਮ ਨਾ ਜਰਦੇ ਸੀ।
ਜੰਜੂ ਤੇ ਤਿਲਕਾਂ ਦੇ ਉਹ ਲਾ ਬਹਾਨੇ ਨੀ,
ਤੰਗ ਡਾਹਢਾ ਕਰਦੇ ਸੀ।

ਦੁਖੀਆਂ ਦੀਆਂ ਚੀਕਾਂ ਨੇ ਧਰਮਾਂ ਦੀਆਂ ਹੂਕਾਂ ਨੇ,
ਲੋਕਾਂ ਦੇ ਜਜ਼ਬੇ ਨੇ ਤੇ ਅਣਖ ਰੰਗੀਲੀ ਨੇ,
ਇਕ ਸ਼ੇਰ ਜਗਾ ਦਿੱਤਾ, ਤੇ ਲੜਣ ਸਿਖਾ ਦਿੱਤਾ।
ਉਸ ਮਰਦੇ ਮੁਜਾਹਦ ਨੇ,
ਚੁੱਕੀਆਂ ਤਲਵਾਰਾਂ ਹੋ, ਦੇ ਕੇ ਲਲਕਾਰਾ ਹੋ,
ਆਓ ਸਿਰ ਦੇਵਣ ਦਾ, ਹੁਣ ਕਰੋ ਤਿਆਰਾ ਹੋ।

ਧਰਤੀ ਦੀ ਹਿੱਕੜੀ ਨੂੰ
ਸਮਿਆਂ ਦੀ ਸ਼ਕਤੀ ਨੂੰ, ਦੁਖੀਆਂ ਦੇ ਜੀਵਨ ਨੂੰ,
ਧਰਮਾਂ ਦੀ ਹਸਤੀ ਨੂੰ
ਲੋੜ ਖੂਨੀ ਰੰਗਤ ਦੀ, ਸਿਰ ਵਾਰੂ ਸੰਗਤ ਦੀ।

ਕੋਨੇ ਕੋਨੇ ਧਰਤੀ ਦੇ, ਛਿੜੀਆਂ ਝਰਨਾਟਾਂ ਸੀ,
ਬਲ ਉਠੀਆਂ ਲਾਟਾਂ ਸੀ,
ਸੀਨੇ ਫਿਰ ਜ਼ਾਲਮ ਦੇ, ਪਈਆਂ ਨਿਕਲ ਥਰਾਟਾਂ ਸੀ।

ਜ਼ਾਲਮ ਜਰਵਾਣੇ ਨੇ,
ਉਸ ਮਰਦ ਅਗੰਮੜੇ ਦੇ, ਬੱਚਿਆਂ ਨੂੰ ਕੋਹ ਦਿੱਤਾ।
ਬਾਬਲ ਤੇ ਮਾਤਾ ਨੂੰ ਜ਼ੁਲਮਾਂ ਵਿਚ ਢਾਹ ਦਿੱਤਾ।
ਸਰਸਾ ਦੀਆਂ ਲਹਿਰਾਂ ਨੇ ਜ਼ਾਲਮ ਦੇ ਕਹਿਰਾਂ ਨੇ,
ਸਿੰਘਾਂ ਦੇ ਵਿਛੋੜੇ ਨੇ, ਘਰ ਮਾਲ ਦੇ ਰੋੜੇ ਨੇ,
ਉਹਨੂੰ ਥਿੜਕਾਇਆ ਨਾ, ਤੇ ਉਹ ਘਬਰਾਇਆ ਨਾ।
ਲੋਕਾਂ ਦੀ ਸੇਵਾ ਨੇ ਬਲੀਦਾਨ ਦੇ ਨਸ਼ਿਆਂ ਨੇ,
ਵਫ਼ਾਦਾਰੀ ਸਿੰਘਾਂ ਦੀ, ਤੇ ਬੇਪ੍ਰਵਾਹੀ ਨੇ,
ਜੰਗਲਾਂ ਵਿਚ ਸੱਥਰਾਂ ਤੇ ਉਹਨੂੰ ਲੰਮਿਆਂ ਪਾ ਦਿੱਤਾ,
ਤੇ ਘੂਕ ਸਵਾ ਦਿੱਤਾ।
ਇਸ ਸੁੱਤੇ ਮਾਹੀ ਨੂੰ, ਆ ਨੇੜਿਓਂ ਤੱਕੀਏ ਨੀ,
ਜ਼ਰਾ ਹੌਲੀ ਤੁਰਿਆ ਜੇ, ਨੀਂਦਰ ਨਾ ਖੁੱਲ੍ਹ ਜਾਵੇ,
ਜ਼ਰਾ ਤੱਕੋ ਅੜੀਓ ਨੀ, ਇਹਨੇ ਦੁੱਖੜੇ ਭੁੱਲ ਕੇ ਵੀ,
ਕਿੰਨਾ ਮੁੱਖ ਸੋਂਹਦਾ ਏ, ਤੇ ਮਨ ਨੂੰ ਮੋਂਹਦਾ ਏ।
ਤਾਜਾਂ ਦਾ ਰਾਖਾ ਨੀ, ਰਾਜਾਂ ਦਾ ਮਾਲਕ ਨੀ,
ਨਾ ਲੋਭ ਜਗੀਰਾਂ ਦਾ, ਬਸ ਪਿਆਰ ਏ ਤੀਰਾਂ ਦਾ,
ਸਤਿਗੁਰ ਇਕ ਫਿਰਕੇ ਦਾ, ਏਹਨੂੰ ਆਖੋ ਅੜਿਓ ਨਾ,
ਲੋਕਾਂ ਦਾ ਵਾਰਸ ਇਹ, ਦੁਨੀਆਂ ਦਾ ਢਾਰਸ ਇਹ,
ਵਹਿਮਾਂ ਤੇ ਰਸਮਾਂ ਦਾ, ਇਹ ਖੰਡਨ ਹਾਰਾ ਏ, ਤਾਹੀਓਂ
ਤਾਂ ਹਰ ਦਿਲ ਦਾ, ਇਹ ਪ੍ਰੀਤਮ ਪਿਆਰਾ ਏ।

## ਕਲਗੀਧਰ ਦਾ ਅਵਤਾਰ

ਅਜ ਖੁਸ਼ ਖੁਸ਼ ਜਾਪੇ ਪ੍ਰਿਥਵੀ ਖੁਸ਼ ਦਿਸੇ ਸਭ ਸੰਸਾਰ।
ਕਿਉਂ ਤਾਰੇ ਲਾਉਂਦੇ ਤਾਰੀਆਂ ਚੰਦ ਸੂਰਜ ਦਾ ਪਰਵਾਰ।
ਅੱਜ ਅੰਬਰੋਂ ਪੈਂਦੀ ਫਰਸ਼ ਤੇ ਕਿਉਂ ਖੁਸ਼ੀਆਂ ਦੀ ਫੁਹਾਰ।
ਅੱਜ ਪਾਪ ਖੜਾ ਕਿਉਂ ਰੋਂਵਦਾ ਕਿਉਂ ਧਰਮ ਹੱਸਦਾ ਬਾਰ।
ਅੱਜ ਬਦੀ ਕਿਉਂ ਪਿੱਟ ਪਿੱਟ ਰੋਂਵਦੀ ਕਿਉਂ ਨੇਕੀ ਕਰੇ ਬਹਾਰ।
ਕਿਉਂ ਗਮ ਗਮਾਂ ਵਿੱਚ ਡੁੱਬਿਆ ਅੱਜ ਹਾਸਾ ਕਿਉਂ ਹੁਸ਼ਿਆਰ।
ਕਿਉਂ ਕੂੜ ਖੜ੍ਹਾ ਕੁਰਲਾਂਵਦਾ ਕਿਉਂ ਸੱਚ ਰਿਹਾ ਭਬਕਾਰ।
ਕਿਉਂ ਫੁੱਟ ਹੈ ਮੱਥਾ ਫੋੜਦੀ ਕਿਉਂ ਕੌਮ ਹੋਈ ਇੱਕ ਸਾਰ।
ਕਿਉਂ ਹਰ ਥਾਂ ਮਸਤੀ ਮਸਤ ਹੈ ਕਿਉਂ ਮਹਿਕ ਰਹੀ ਗੁਲਜ਼ਾਰ।
ਕਿਉ ਜਤ ਸਤ ਜੱਲ੍ਹੀਆਂ ਪਾਂਵਦੇ ਕਿਉ ਸਬਰ ਹੋਇਆ ਸਰਦਾਰ।
ਕਿਉਂ ਧੀਰਜ ਸ਼ਾਂਤੀ ਗਾਉਂਦੀਆਂ ਲੈ ਕੇ ਹੱਥ ਸਿਤਾਰ।
ਕਿਉਂ ਭਗਤੀ ਭੰਗੜਾ ਪਾਂਵਦੀ ਕਿਉਂ ਮਸਤੀ ਹੋਈ ਨਚਾਰ॥
ਕਿਉਂ ਗਿੱਧੇ ਵੱਜਣ ਖੁਸ਼ੀ ਦੇ ਕਿਉਂ ਨੱਚਦੀ ਹਰ ਇੱਕ ਨਾਰ।
ਕਿਉਂ ਦਿਲਾਂ ਨੂੰ ਖਿੱਚੀ ਜਾਂਦੀ ਅੱਜ ਚੂੜੇ ਦੀ ਛਨਕਾਰ।
ਕਿਉਂ ਖੜੀਆਂ ਸਭ ਅਪੱਛਰਾਂ ਹੱਥੀਂ ਲੈ ਕੇ ਹਾਰ।
ਕਿਉਂ ਦਿਉਤੇ ਫੁੱਲ ਬਰਸਾਂਵਦੇ ਕਿਉਂ ਹੁੰਦੀ ਜੈ ਜੈ ਕਾਰ।
ਅੱਜ ਫਰਸ਼ਾਂ ਉੱਤੇ ਆ ਗਿਆ ਅਰਸ਼ਾਂ ਦਾ ਸਰਦਾਰ।
ਕੋਈ ਕਾਦਰ ਉਸਨੂੰ ਆਖਦਾ ਕੋਈ ਕਹਿੰਦਾ ਹੈ ਕਰਤਾਰ।
ਅੱਲਾ ਜਿਸਦਾ ਨਾਮ ਹੈ ਜੋ ਸੱਚਾ ਪਰਵਦਗਾਰ।
ਰਾਮ ਬਣ ਕੇ ਆਇਆ ਸੀ ਤ੍ਰੇਤੇ ਦੇ ਵਿਚਕਾਰ।
ਆਇਆ ਵਿੱਚ ਦੁਆਪਰੇ ਸੀ ਬਣ ਕੇ ਕ੍ਰਿਸ਼ਨ ਮੁਰਾਰ।
ਤਨ ਮਨੁੱਖ ਦਾ ਧਾਰ ਕੇ ਪ੍ਰਗਟਿਆ ਹੈ ਨਿਰੰਕਾਰ॥
ਹੈ ਕੋਹਿਨੂਰ ਦਾ ਨੂਰ ਇਹ ਜੋ ਮੂਸੇ ਦਾ ਯਾਰ।
ਅੱਜ ਵੇਖ ਲਉ ਚਮਕ ਦਾ ਪਟਨੇ ਦੇ ਵਿਚਕਾਰ।
ਜੋ ਗੁਜਰੀ ਦੀ ਗੋਦ ਵਿੱਚ ਹੈ ਚਮਕ ਰਹੀ ਚਮਕਾਰ।
ਇਹ ਨਾਰਾਇਣ ਹੈ ਆ ਗਿਆ ਬਣ ਕੇ ਕਲਗੀਧਾਰ॥
ਏਸੇ ਖੁਸ਼ੀ ਵਿੱਚ 'ਬਾਲਮਾ' ਹੈ ਖੁਸ਼ ਸਾਰਾ ਸੰਸਾਰ।

**-ਕਰਮ ਸਿੰਘ ਬਾਲਮ**

## ਅਵਤਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਆਦਮ ਦੇ ਲੀਏ ਅੱਲਾ ਅਵਤਾਰ ਬਨ ਕੇ ਆਇਆ।
ਗੁਜਰੀ ਦੀ ਗੋਦ ਅੰਦਰ ਹੈ ਪਿਆਰ ਬਨ ਕੇ ਆਇਆ।
ਹਿੰਦੂ ਵਾ ਸਿੱਖ ਈਸਾਈ। ਸਭ ਕੋ ਹੈ ਲਾਖ ਬਧਾਈ।
ਸਰਦਾਰ ਹੈ ਦੋ ਆਲਮ ਸਰਦਾਰ ਬਨ ਕੇ ਆਇਆ।
ਆਦਮ ਕੇ ਲੀਏ -----------

ਸਰ ਕੋ ਝੁਕਾਓ ਜਲਦੀ । ਸਜਦੇ ਮੇਂ ਆਓ ਜਲਦੀ।
ਕਰਤਾਰ ਕੀ ਕਸਮ ਹੈ ਕਰਤਾਰ ਬਨ ਕੇ ਆਇਆ।
ਆਦਮ ਕੇ ਲੀਏ ------

ਹਿੰਦੂ ਵਾ ਸਿੱਖ ਈਸਾਈ ਪੰਡਿਤ ਵਾ ਮੁੱਲਾਂ ਭਾਈ
ਚਾਰੋਂ ਮਜ਼ਹਬੋਂ ਕਾ 'ਬਾਲਮ' ਮਖਾਰ ਬਨ ਕੇ ਆਇਆ।
ਆਦਮ ਕੇ ਲੀਏ ---------

**ਬਾਜ਼ਾਰ ਦਾ ਭੋਜਨ
ਨਾ ਸ਼ੁੱਧ ਹੁੰਦਾ ਹੈ
ਨਾ ਮਰਿਯਾਦਾ ਵਿੱਚ
ਆਉਂਦਾ ਹੈ ਫਿਰ
ਕਿਉਂ ਖਾਧਾ ਜਾਏ?**

# ਅੜਬੰਗੀ (ਨਾਵਲ)

-ਸੰਤ ਇੰਦਰ ਸਿੰਘ ਚੱਕ੍ਰਵਰਤੀ

"ਸਾਹਿਬ , ਗੇਂਦਾ ਉਸ ਦੇ ਕੀਤੇ ਪਾਪਾਂ ਨੇ ਮਾਰਿਆ ਹੈ। ਉਹ ਆਪਣੀ ਮੌਤੇ ਆਪ ਹੀ ਮਰਿਆ ਹੈ। ਅਜਿਹੇ ਨੀਚ ਲੁਟੇਰੇ ਤੇ ਕਮੀਨੇ ਨੂੰ, ਜੋ ਗੁਰੂ-ਦਰਸ਼ਨ ਕਰਨ ਆਏ ਗੁਰਸਿੱਖਾਂ ਨੂੰ ਨਾਹੱਕ ਤੰਗ ਕਰਦਾ ਸੀ, ਲੁੱਟ ਲੁੱਟ ਖਾਂਦਾ ਸੀ, ਮੈਨੂੰ ਉਸ ਨੂੰ ਬਹੁਤ ਚਿਰ ਪਹਿਲਾਂ ਹੀ ਮਾਰ ਦੇਣਾ ਚਾਹੀਦਾ ਸੀ, ਪਰ ਮਾਤਾ ਜੀਊਣ ਕੌਰ ਰੋਕਦੇ ਵਰਜਦੇ ਰਹੇ, ਹੁਣ ਵੀ ਜੇ ਉਨ੍ਹਾਂ ਦੀ ਆਗਿਆ ਲੈ ਕੇ ਗੇਂਦੇ ਨੂੰ ਮਾਰਨਾ ਹੁੰਦਾ ਤਾਂ ਉਹ ਕਦੀ ਵੀ ਮੈਨੂੰ ਅਜਿਹਾ ਨਾ ਕਰਨ ਦਿੰਦੇ। ਤੁਹਾਨੂੰ ਕਿੰਨੀ ਵਾਰ ਕਿਹਾ ਗਿਆ ਕਿ ਇਸ ਭੇੜੀਏ ਨੂੰ ਇਥੋਂ ਬਦਲ ਦਿਓ, ਪਰ ਤੁਸੀਂ ਸਾਡੀ ਇਕ ਨਾ ਸੁਣੀ। ਹੁਣ ਵੀ ਮੈਂ ਬਹੁਤ ਜ਼ੋਰ ਲਾਇਆ ਕਿ ਉਹ ਮੇਰੇ ਮਗਰ ਨਾ ਪਏ, 25 ਰੁਪਏ ਦੀ ਲੋਈ, 10 ਰੁਪਏ ਨਕਦ ਵੀ ਦਿੱਤੇ, ਪਰ ਉਹ ਨਾ ਟਲਿਆ। ਉਸ ਦੇ ਮੂੰਹ ਨੂੰ ਖੂਨ ਲੱਗਿਆ ਹੋਇਆ ਸੀ, ਮੈਨੂੰ ਮਾਰਦਾ ਮਾਰਦਾ ਆਪ ਹੀ ਰਾਮ ਨਾਮ ਸੱਤ ਹੋ ਗਿਆ। ਮੈਂ ਨਿਰਦੋਸ਼ਾ ਹਾਂ, ਮੇਰੇ ਖਿਲਾਫ਼ ਇਕ ਵੀ ਗਵਾਹ ਨਹੀਂ, ਫਿਰ ਵੀ ਜੇ ਤੁਹਾਡੀ ਸਰਕਾਰ ਮੈਨੂੰ ਮਾਰਨਾ ਚਾਹੁੰਦੀ ਹੈ ਤਾਂ ਓਹ ਜਾਣੇ। ਪਰ ਬਾਰਬਰਟਨ ਸਾਹਿਬ ! ਇਹ ਨਾ ਭੁੱਲਣਾ - ਮੇਰਾ ਰੱਖਣ ਵਾਲਾ ਤੁਹਾਡੇ ਮਾਰਨ ਵਾਲਿਆਂ ਤੋਂ ਬਹੁਤ ਜ਼ਬਰਦਸਤ ਜੇ।

ਅਜੇ ਇਹ ਗੱਲਾਂ ਹੋ ਰਹੀਆਂ ਸਨ ਕਿ ਦਲੀਪ ਸਿੰਘ ਖੰਡਾ, ਉੱਥੇ ਹੀ ਆ ਗਿਆ। ਮੈਨੂੰ ਸਲਯੂਟ ਕਰ ਕੇ ਹੈਰਾਨੀ ਨਾਲ ਪੁਛਣ ਲੱਗਾ, "ਸਾਹਿਬ ! ਆਪ ਇੱਥੇ ਕਿਵੇਂ ?

"ਇਹੀ ਤਾਂ ਮੈਂ ਪੁਛ ਰਿਹਾ ਹਾਂ ਕਿ ਤੂੰ ਇੱਥੇ ... ?

ਮੈਨੂੰ ਤੇ ਕੋਈ ਲਾਲਚ ਨਾਲ ਲੈ ਆਇਆ ਹੈ।

"ਉਹ ਕਿਵੇਂ?

"ਅੜਬੰਗੀ ਤੇ ਉਸ ਦਾ ਪਤਾ ਟਿਕਾਣਾ ਵਿਖਾਲਣ। ਪਰ ਆਪ ਕਿਵੇਂ ਆਏ ?"

ਮੈਨੂੰ ਇਹ ਆਪ ਹੀ ਲੈ ਆਇਆ ਹੈ।

"ਕਿਵੇਂ ?

"ਅੜਬੰਗੀ ਨੂੰ ਫੜਾਉਣ ਦਾ ਲਾਰਾ ਦੇ ਕੇ।"

ਇੰਨੇ ਨੂੰ ਉਹ ਕੁੜੀ ਜੋ ਖੰਡੇ ਨੂੰ ਨਾਲ ਲੈ ਕੇ ਆਈ ਸੀ, ਉਥੇ ਹੀ ਆ ਗਈ। ਉਸ ਮੈਨੂੰ ਮੁਖਾਤਬ ਕਰਦਿਆਂ ਕਿਹਾ, "ਭਰਾ ਜੀ, ਇਹ ਵੀਰ ਮੈਨੂੰ ਇਕ ਹਜ਼ਾਰ ਰੁਪਏ ਦੇਣ ਦਾ ਬਚਨ ਕਰ ਕੇ ਲਿਆਇਆ ਹੈ, ਪਰ ਹੁਣ ਟਾਲ ਮਟੋਲ ਕਰਦਾ ਹੈ।"

ਉਹ ਕੋਈ ਦੇਵੀ ਮਾਲੂਮ ਹੁੰਦੀ ਸੀ। ਬੜੀ ਭੋਲੀ ਭਾਲੀ, ਸਿਧੀ ਸਾਦੀ, ਪਰ ਖੂਬਸੂਰਤ ਅਜਿਹੀ ਕਿ ਮੇਰੀ ਸੋਫੀਆ ਉਸ ਦੀ ਪੈਰ ਦੀ ਜੁੱਤੀ ਵਰਗੀ ਵੀ ਨਹੀਂ ਸੀ।

ਖੰਡੇ ਨੇ ਫਿਰ ਕਿਹਾ, "ਮੇਰਾ ਪਸਤੌਲ?"

"ਮੇਰਾ ਇਨਾਮ!" ਨਾਲ ਹੀ ਉਹ ਬੋਲਦੀ ਗਈ, "ਵੀਰ, ਇਥੇ ਨਾਮ ਜਪਣ ਵਾਲੇ ਸੰਤਾਂ ਦੇ ਡੇਰਿਆਂ ਵਿਚ ਅਜਿਹੇ ਹਿੰਸਕ ਮਨੁੱਖ-ਮਾਰੂ ਹਥਿਆਰਾਂ ਦੀ ਲੋੜ ਨਹੀਂ। ਰੱਬ ਦੀ ਇਬਾਦਤ ਤੇ ਲੋਕ ਭਲਾਈ ਦੀਆਂ ਗੱਲਾਂ ਕਰੋ, ਮੇਰਾ ਬੀਬਾ ਭਰਾ ਮੇਰਾ ਇਨਾਮ ਮੈਨੂੰ ਜ਼ਰੂਰ ਦੇ ਕੇ ਜਾਈਂ।"

ਦਲੀਪ ਸਿੰਘ ਲੋੜ ਤੋਂ ਵਧੇਰੇ ਹੀ ਚੁਸਤ ਚਾਲਾਕ ਸੀ। ਉਸ ਨੂੰ ਆਪਣੀ ਅਕਲ ਤੇ ਬਹੁਤ ਗਰੂਰ ਸੀ, ਪਰ ਉਹ ਇਕ ਮਾਮੂਲੀ ਪੇਂਡੂ ਛੋਕਰੀ ਤੋਂ ਧੋਖਾ ਖਾ ਗਿਆ। ਮੈਂ ਆਪ, ਜਿਸ ਨੂੰ ਹਿੰਦੁਸਤਾਨੀ ਸਰਕਾਰ, ਸਾਰੇ ਹਿੰਦੁਸਤਾਨ ਭਰ ਦੇ ਪੁਲੀਸ ਅਫ਼ਸਰਾਂ ਵਿਚੋਂ ਚਾਲਾਕ ਤੇ ਸਿਆਣਾ ਸਮਝਦੀ ਸੀ, ਜਿਸ ਦੀ ਛਾਤੀ ਉੱਤੇ ਪੁਲੀਸ ਦੇ ਨਿੱਕੇ ਮੋਟੇ ਸਾਰੇ ਮੈਡਲ ਸ਼ਾਨ ਨਾਲ ਲਟਕਦੇ ਸਨ, ਉਹ ਇਕ ਸਾਧਾਰਨ ਜੱਟ ਦੇ ਧੋਖੇ ਵਿਚ ਆ ਗਿਆ। ਜਿਸ ਨੂੰ ਉਹ ਫੜਨ ਲਈ ਬੜੀ ਸ਼ਾਨ ਤੇ ਹੈਂਕੜ ਨਾਲ ਤੁਰਿਆ ਸੀ, ਉਸ ਦਾ ਆਪ ਕੈਦੀ ਹੋ ਗਿਆ। ਅਸੀਂ ਦੋਵੇਂ ਹੈਰਾਨ ਸਾਂ, ਨਾ ਮੇਰਾ ਪਸਤੌਲ ਮੇਰੇ ਕੋਲ ਸੀ ਨਾ ਦਲੀਪ ਦਾ।"

ਇਕ ਝੁੱਗੀ ਵਿਚ ਸਾਫ਼ ਤੇ ਠੰਢਾ ਪਾਣੀ ਪਿਆ ਸੀ। ਮੈਂ ਗ਼ੁਸਲ ਕੀਤਾ। ਬਾਹਰ ਆ ਸਾਨੂੰ ਬਹੁਤ ਵਧੀਆ ਦੁੱਧ ਤੇ ਪੀਲੂ ਖਾਣ ਨੂੰ ਦਿੱਤੇ ਗਏ। ਭੁੱਖੇ ਕੀ ਕਰਦੇ, ਧੋਖਾ ਪਹਿਲਾਂ ਖਾਧਾ ਸੀ, ਹੁਣ ਸਭ ਕੁਝ ਖਾ ਪੀ ਗਏ।

ਇਥੇ ਅੜਬੰਗੀ ਨਾਲ ਖੂਬ ਖੁਲ੍ਹ ਕੇ ਗੱਲਾਂ ਹੋਈਆਂ। ਉਸ ਦੀ ਜ਼ਿੰਦਗੀ ਦੇ ਕਈ ਵਚਿਤ੍ਰ ਕਿੱਸੇ ਸੁਣੇ। ਅਸੀਂ ਬਹੁਤ ਹੈਰਾਨ ਹੋਏ। ਜਿਹਾ ਅਸੀਂ ਜਾਂ ਸਾਡੀ ਸਰਕਾਰ ਉਸ ਨੂੰ ਸਮਝਦੀ ਸੀ, ਉਸ ਵਿਚ ਸਾਡੀ ਕਲਪਿਤ ਇਕ ਵੀ ਗੱਲ ਨਹੀਂ ਸੀ। ਉਹ ਪੁਲੀਟੀਕਲ ਬੰਦਾ ਸੀ ਅਤੇ ਆਪਣੇ ਦੇਸ਼ ਨੂੰ ਗੁਲਾਮੀ ਦੇ ਬੰਧਨਾਂ ਤੋਂ ਆਜ਼ਾਦ ਕਰਾਉਣ ਲਈ ਜਾਨ ਤੀਕ

ਵਾਰਨ ਨੂੰ ਤਿਆਰ ਰਹਿੰਦਾ ਸੀ, ਪਰ ਉਸ ਵਿਚ ਹਿੰਸਾ ਨੂੰ ਕੋਈ ਥਾਂ ਨਹੀਂ ਸੀ, ਹਿੰਸਾ ਜਿਹਾ ਕੰਮ ਉਹ ਬਹੁਤ ਤੰਗ ਹੋ ਕੇ ਹੀ ਕਰਦਾ, ਉਂਝ ਉਹ ਪੂਰਨ ਅਹਿੰਸਕ ਤੇ ਚਿੜੀ ਵੀ ਨਹੀਂ ਸੀ ਮਾਰਦਾ। ਅਜੇ ਅਸੀਂ ਗੱਲਾਂ ਕਰਦੇ ਹੀ ਸਾਂ ਪਏ ਕਿ ਉਸਦੀ ਇਕ ਝੁੱਗੀ ਵਿਚੋਂ ਰੋਣ ਦੀ ਆਵਾਜ਼ ਆਉਣ ਲਗ ਪਈ। ਉਹ ਕੁੜੀ ਜੋ ਦਲੀਪ ਨੂੰ ਨਾਲ ਲੈ ਕੇ ਆਈ ਸੀ, ਅੱਥਰੂ ਵਹਾਉਂਦੀ ਹੋਈ ਆਈ ਤੇ ਅੜਬੰਗੀ ਨੂੰ ਆਖਣ ਲੱਗੀ –

"ਭਰਾ ਜੀ। ਉਨ੍ਹਾਂ ਦੀ ਹਾਲਤ ਫਿਰ ਖ਼ਰਾਬ ਹੋ ਗਈ ?"

"ਰੋਣ ਦੀ ਆਵਾਜ਼ ਜਨਾਨੀ ਦੀ ਸੀ। ਅਸੀਂ ਆਪਣੇ ਉਨ੍ਹਾਂ ਖ਼ਿਆਲਾਂ ਅਨੁਸਾਰ ਫਿਰ ਅੰਦਾਜ਼ਾ ਲਾਇਆ ਕਿ ਕਿਸੇ ਨੂੰ ਲੁੱਟ ਪੁੱਟ ਕੇ ਕੈਦ ਕਰ ਰੱਖਿਆ ਹੈ। ਸਾਡੇ ਦਿਲ ਦਾ ਭਾਵ ਸਮਝਦਿਆਂ ਉਸ ਕਿਹਾ:

"ਕਿਉਂ ਸਾਹਿਬ , ਕੀ ਸਮਝਦੇ ਜੇ ? ਕੌਣ ਰੋ ਰਿਹਾ ਹੈ?"

"ਕੋਈ ਲੁੱਟਿਆ ਪੁੱਟਿਆ ਕਮਜ਼ੋਰ ਗਰੀਬ।"

"ਨਹੀਂ ! ਤੁਸਾਂ ਗਲਤ ਅੰਦਾਜ਼ਾ ਲਾਇਆ ਹੈ।"

"ਹੋਰ ! ਕੀ ਗੱਲ ਹੈ ?"

"ਇਕ ਰੰਡੀ ਤੇ ਗਰੀਬ ਬੁੱਢੀ।"

"ਕਿਉਂ ?"

" ਸ਼ਰੀਕਾਂ ਸਭ ਕੁਝ ਲੁੱਟ ਪੁੱਟਕੇ ਘਰੋਂ ਕੱਢ ਦਿੱਤਾ। ਤੁਹਾਡੀ ਪੁਲੀਸ ਤੇ ਅਦਾਲਤਾਂ ਵਿਚ ਮਾਰੀ ਮਾਰੀ ਫਿਰਦੀ ਰਹੀ, ਪਰ ਕਿਸੇ ਵੀ ਗਰੀਬ ਦੀ ਪੁਕਾਰ ਨਾ ਸੁਣੀ। ਜਿਥੇ ਜਾਏ ਆਖਣ ਕੋਈ ਸ਼ਹਾਦਤੀ ਲਿਆ, ਪਰ ਗਰੀਬ ਤੇ ਬੁੱਢੀ ਵਿਧਵਾ ਦੀ ਸ਼ਹਾਦਤ ਕੌਣ ਦਏ?"

"ਇਹ ਤਾਂ ਠੀਕ ਹੀ ਸੀ, ਬ੍ਰਟਿਸ਼ ਕਾਨੂੰਨ ਬਿਨਾਂ ਸ਼ਹਾਦਤ ਕਿਸੇ ਦੀ ਗੱਲ ਤੇ ਇਤਬਾਰ ਕਰਨ ਤੋਂ ਵਰਜਦਾ ਹੈ। ?"

"ਫਿਰ ! ਮੇਰੇ ਮਗਰ ਕਿਉਂ ਪਏ ਹੋਏ ਜੇ ? ਮੇਰੇ ਖਿਲਾਫ਼ ਕਿਸ ਸ਼ਹਾਦਤ ਦਿੱਤੀ ਹੈ ?"

"ਤੈਨੂੰ ਕਿਵੇਂ ਪਤਾ ਹੈ ਕਿ ਮੌਕੇ ਦਾ ਸ਼ਹਾਦਤੀ ਕੋਈ ਨਹੀਂ ?"

"ਇਸ ਦਾ ਪਤਾ ਆਪੇ ਵਕਤ ਦੱਸੇਗਾ। ਸੁਆਦ ਤਾਂ ਤਦ ਸੀ ਜੋ "ਸੁੱਖੂ ਜਾਂ ਘਮੰਡੇ" ਕਿਆਂ ਵਿਚੋਂ ਕੋਈ ਸ਼ਹਾਦਤ ਦਿੰਦਾ ਹੈ ਸਾਡੇ ਦੁਸ਼ਮਨ ਜੋ ਸਾਡੇ ਦੁਸ਼ਮਨ ਨਹੀਂ ਮਿੱਤਰ ਹਨ, ਦੁਸ਼ਮਨ ਤੁਸੀਂ ਬਦੋਬਦੀ ਬਣਾਏ ਹਨ। ਉਨ੍ਹਾਂ ਵੀ ਤੁਹਾਡੀ ਝੂਠੀ ਗੱਲ ਨਾ ਮੰਨੀ?"

ਅਸੀਂ ਉਸ ਦੀ ਗੱਲ ਸੁਣ ਕੇ ਚੁੱਪ ਹੋ ਗਏ, ਜਿਸ ਦਾ ਜਵਾਬ ਹੀ ਸਾਡੇ ਕੋਲ ਕੋਈ ਨਹੀਂ ਸੀ।

"ਕੀ ਅਸੀਂ ਉਸ ਨੂੰ ਵੇਖ ਸਕਦੇ ਹਾਂ ?? ਅਸੀਂ ਕਿਹਾ।

"ਜਰੂਰ ! ਬਹੁਤ ਤਸੱਲੀ ਨਾਲ।"

ਅਸੀਂ ਉਸ ਦੀ ਝੁੱਗੀ ਅੰਦਰ ਗਏ। ਝੁੱਗੀਆਂ ਸਾਰੀਆਂ ਹੀ ਅੰਦਰੋਂ ਲਿੰਬ ਪੋਚ ਕੇ ਸੀਸ਼ੇ ਵਾਂਗ ਚਮਕਾਈਆਂ ਪਈਆਂ ਸਨ। ਜਿਨ੍ਹਾਂ ਦੀ ਛੱਤ ਉਤੇ ਸਾਫ਼ ਕਾਨਿਆਂ ਦੀਆਂ ਸਿਰਕੀਆਂ ਸਨ ਤੇ ਅੰਦਰ ਫੂਹੜੀਆਂ ਵਿਛੀਆਂ ਹੋਈਆਂ ਸਨ। ਮੰਜਾ ਕੋਈ ਨਹੀਂ ਸੀ। ਇਕੋ ਮਾਮੂਲੀ ਜਿਹਾ ਮੰਜਾ ਸੀ ਜੋ ਉਸ ਬੀਮਾਰ ਬੁੱਢੀ ਹੇਠ ਹੀ ਸੀ, ਬਾਕੀ ਸਭ ਉੱਥੇ ਹੀ ਸੌਂਦੇ ਪੈਂਦੇ ਸਨ। ਇਕ ਪਾਸੇ ਉਹ ਬੁਢੀ ਪਈ ਕਰਾਹ ਰਹੀ ਸੀ –

"ਸਬਰ ਕਰੋ ਮਾਂ ਜੀ। ਇਸ ਦੁਆਈ ਨਾਲ ਤੁਸੀਂ ਜ਼ਰੂਰ ਹੀ ਚੰਗੇ ਹੋ ਜਾਉਗੇ।"

"ਦੁਆਈ ਕਿਥੋਂ ਆਂਦੀ ਹੈ ਤਾਂ ਮੈਂ ਪੁੱਛਿਆ।

"ਸਾਧੂਆਂ ਦੀ ਸੰਗਤ ਨਾਲ ਜੜੀ ਬੂਟੀ ਦੀ ਪਛਾਣ ਕਾਫੀ ਹੋ ਗਈ ਹੈ। ਬਹੁਤਾ ਕੁਦਰਤੀ ਇਲਾਜ ਤੇ ਹੀ ਵਿਸ਼ਵਾਸ ਰੱਖਦਾ ਹਾਂ ।"

ਮੈਂ ਤੇ ਦਲੀਪ ਹੈਰਾਨ ਹੋ ਰਹੇ ਸਾਂ ਕਿ, "ਇਹ ਕਾਤਲ ਹੈ। ਡਾਕੂ ਹੈ ! ! ਜਾਂ ਕੋਈ ਫ਼ਰਿਸ਼ਤਾ ! ! ਪੂਰਨ ਸੰਤ !

ਝੁੱਗੀ ਤੋਂ ਬਾਹਰ ਆ ਕੇ ਮੈਂ ਕਿਹਾ, "ਇਹ ਜਾਣਦਿਆਂ ਬੁਝਦਿਆਂ ਕਿ ਅਸੀਂ ਤੇਰੇ ਦੁਸ਼ਮਣ ਹਾਂ ਅਤੇ ਤੈਨੂੰ ਫੜ ਕੇ ਮੌਤ ਦੀ ਸਜ਼ਾ ਦੇਣ ਦਾ ਯਤਨ ਕਰਨ ਲਈ ਆਏ ਹਾਂ, ਪਰ ਤੇਰਾ ਪਿਆਰ ਭਰਿਆ, ਨਿਸ਼ਕਾਮ ਤੇ ਨਿਸ਼ਕਪਟ ਵਰਤਾਓ ਤਕ ਕੇ ਬਹੁਤ ਖੁਸ਼ ਹੋਏ ਹਾਂ ਅਤੇ ਬਹੁਤ ਹੀ ਸ਼ਰਮਸ਼ਾਰ ਹਾਂ। ਸਮਝ ਨਹੀਂ ਆ ਰਹੀ ਕਿ ਤੇਰੇ ਵਰਗੇ ਉਪਕਾਰੀ ਨੂੰ ਕਾਨੂੰਨ ਵਿਚ ਨਰੜੀਏ ਕਿ ਨਾ। ਅੱਜ ਤੋਂ ਅਸੀਂ ਤੈਨੂੰ ਆਪਣਾ ਦੋਸਤ ਸਮਝਦੇ ਹਾਂ। ਅਸੀਂ ਤੇਰੇ ਨਾਲ ਕੋਈ ਵੀ ਵੈਰ ਨਹੀਂ ਰੱਖਾਂਗੇ। ਮੈਂ ਇਹ ਗੱਲ ਕਸਮ ਖਾ ਕੇ ਆਖਦਾ ਹਾਂ, ਤੂੰ ਇਤਬਾਰ ਕਰ, ਪਰ ਇਕ ਗੱਲ ਪੁੱਛਣੀ ਚਾਹੁੰਦਾ ਹਾਂ?

"ਪੁੱਛੋ।"

"ਅਦਾਲਤ ਵਿਚ ਜਾਂ ਲੁਧਿਆਣੇ ਮੇਰੇ ਸਾਹਮਣੇ ਹੁੰਦਿਆਂ, ਤੈਨੂੰ ਕੀ ਝੱਲ ਕੁੱਦ ਪੈਂਦਾ ਹੈ ਜੋ ਗਾਲ੍ਹ ਤੋਂ ਬਿਨਾਂ ਗੱਲ ਹੀ ਨਹੀਂ ਕਰਦਾ, ਪਰ ਇਥੇ ਤੂੰ ਇਕ ਵੀ ਸਾਡੇ ਨਾਲ ਬਦਕਲਾਮੀ ਨਹੀਂ ਕੀਤੀ ?"

**ਚੱਲਦਾ..................**

# ਸੁੱਚੇ ਮੋਤੀ

✪ **ਰਾਜ:** ਨੂੰਹ ਰਾਣੀ ਨੂੰ ਇਹ ਗੱਲ ਸਮਝ ਵਿਚ ਨਹੀਂ ਸੀ ਆ ਰਹੀ ਕਿ ਮੰਮੀ ਪਾਪਾ ਇਕ ਪਲ ਵਿੱਚ ਹੀ ਕਿਵੇਂ ਆਪਸ ਵਿੱਚ ਲੜ ਪੈਂਦੇ ਹਨ ਤੇ ਦੂਸਰੇ ਪਲ ਘਿਉ ਖਿਚੜੀ ਹੋ ਜਾਂਦੇ ਨੇ,ਜਿਵੇ ਕਦੇ ਲੜੇ ਹੀ ਨਾ ਹੋਣ, ਇਕ ਦਿਨ ਉਸ ਸੱਸ ਦਾ ਚੰਗਾ ਜਿਹਾ ਮੂੜ ਵੇਖ ਕੇ ਉਸ ਤੋਂ ਪੁੱਛ ਹੀ ਲਿਆ।

"ਮੰਮੀ ਤੁਸੀਂ ਪਾਪਾ ਨਾਲ ਏਨਾਂ ਲੜਦੇ ਵੀ ਹੋ ਤੇ ਫਿਰ ਮੰਨ ਵੀ ਜਾਂਦੇ ਹੋ--ਤੁਸੀਂ ਲੜਿਆ ਹੀ ਨਾ ਕਰੋ।"

ਸੱਸ ਮੁਸ਼ਕਰਾਈ ਤੇ ਬੋਲੀ, ਇਸ ਲੜਾਈ ਵਿਚ ਵੀ ਸਾਡਾ ਪਿਆਰ ਛੁਪਿਐ ਹੁੰਦੈ ਪੁੱਤ,ਜਦੋਂ ਤੁਸੀਂ ਸਾਡੀ ਉਮਰ ਵਿੱਚ ਪਹੁੰਚ ਗਏ ਤਾਂ ਇਹ ਰਾਜ ਸਮਝ ਜਾਵੋਗੇ।"

"ਸਮਝ ਨਹੀਂ ਪਿਆ ਮੰਮੀ ਤੁਹਾਡਾ ਲੜਾਈ ਵਿਚ ਪਿਆਰ ਵਾਲਾ ਫਲਸਫਾ।"

" ਨੂੰਹ ਰਾਣੀ ਨੇ ਸਿਰ ਹਿਲਾਇਆ।"

"ਇਸ ਉਮਰ ਵਿਚ ਇਸੇ ਹੀ ਰਿਸ਼ਤੇ ਤੇ ਏਨਾ ਅਧਿਕਾਰ ਰਹਿ ਜਾਂਦਾ ਹੈ। ਪੁੱਤ ਕਿ ਅਸੀ ਦੂਸਰੇ ਰਿਸ਼ਤਿਆਂ ਤੋਂ ਮਿਲੀ ਬੇਚੈਨੀ ਤੇ ਖਿਝ ਆਪਸ ਵਿਚ ਉਤਾਰ ਕੇ ਤਣਾਓ ਮੁਕਤ ਹੋ ਸਕੀਏ।"

" ਹੋਰ ਰਿਸ਼ਤੇ ਤਾਂ ਆਪਣੀ ਮਸਤੀ ਵਿਚ ਸਾਡੀ ਗੱਲ ਸੁਨਣਾ ਵੀ ਪਸੰਦ ਨਹੀਂ ਕਰਦੇ।

ਪੜੀ ਲਿਖੀ ਸੱਸ ਨੇ ਆਪਣੇ ਜੀਵਨ ਤਜਰਬੇ ਦਾ ਇਕ ਪਾਠ ਆਪਣੀ ਨੂੰਹ ਰਾਣੀ ਨੂੰ ਵੀ ਪੜਾ ਦਿੱਤਾ।

ਅਗਲੇ ਦਿਨ ਸੱਸ ਹੈਰਾਨ ਸੀ ਕਿ ਦਿਨੇ ਨੌਂ ਵਜੇ ਤੱਕ ਬਿਸਤਰ ਨਾ ਛੱਡਣ ਵਾਲੀ ਨੂੰਹ ਰਾਣੀ ਉਸਦੇ ਉੱਠਣ ਤੋ ਪਹਿਲਾਂ ਹੀ ਰਸੋਈ ਵਿਚ ਮੌਜੂਦ ਸੀ ਤੇ ਉਹਨਾਂ ਦਾ ਬੇਟਾ ਵੀ ਅੱਠ ਵਜੇ ਤੋਂ ਪਹਿਲਾਂ ਉਸ ਸ਼ੋਅ ਰੂਮ ਵਿਚ ਜਾਣ ਲਈ ਤਿਆਰ ਹੋ ਗਿਆ ਸੀ ਜਿਸ ਨੂੰ ਸਵੇਰ ਵੇਲੇ ਖੋਲਣ ਦੀ ਜਿੰਮੇਵਾਰੀ ਉਸ ਦੇ ਡੈਡੀ ਦੀ ਰਹੀ ਸੀ।

**-ਨਿਰੰਜਣ ਬੋਹਾ**

✪ ਕਵਿਤਾ ਤਮਾਮ ਮਾਨਵੀ ਗਿਆਨ, ਵਿਚਾਰਾਂ, ਭਾਵਾਂ, ਅਹਿਸਾਸਾਂ ਅਤੇ ਭਾਸ਼ਾ ਦੀ ਖੁਸ਼ਬੂਦਾਰ ਕਲੀ ਹੈ।

**-ਕਾਲਰਿਜ**

✪ ਵਡੱਪਣ, ਪੰਡਤਗਿਰੀ, ਕੁਲੀਨਤਾ ਅਤੇ ਵਿਵੇਕ ਮਨੁੱਖ ਵਿੱਚ ਉਸੇ ਸਮੇਂ ਤੱਕ ਰਹਿੰਦੇ ਹਨ, ਜਦੋਂ ਤੱਕ ਸਰੀਰ ਵਿੱਚ ਕਾਮਵਾਸ਼ਨਾ ਪ੍ਰਜਵਲਿਤ ਨਹੀਂ ਹੁੰਦੀ।

**-ਭਰਤਰਹਰਿ**

✪ ਰੁੱਖੀ, ਕਠੋਰ ਅਤੇ ਕੌੜੀ ਬਾਣੀ, ਸੁਣਨ ਵਾਲੇ ਦੀਆਂ ਹੱਡੀਆਂ ਅਤੇ ਹਿਰਦੇ ਨੂੰ ਜਲਾ ਸੁੱਟਦੀ ਹੈ।

**-ਵਿਦੁਰ**

# ਬੱਚਿਆਂ ਦਾ ਪੰਨਾ

## ਬਚਨ ਨਾਲ ਰੋਗੀ ਠੀਕ ਕਰਨੇ

ਦਸਮੇਸ਼ ਜੀ ਕੁਝ ਵੱਡੇ ਹੋਏ ਤਾਂ ਬਚਿੱਤਰ ਲੀਲ੍ਹਾ ਕਰਨ ਲੱਗੇ । ਚਿਹਰੇ ਤੇ ਚਿਹਨ ਚੱਕਰ ਐਸੇ ਜੋ ਵੀ ਦਰਸ਼ਨ ਕਰ ਲੈਂਦਾ, ਨਿਹਾਲ ਹੋ ਜਾਂਦਾ ।

ਪਟਨੇ ਵਿੱਚ ਇਕ ਮਾਤਾ ਦਾ ਬੱਚਾ ਕਿਸੇ ਰੋਗ 'ਚ ਗ੍ਰਸਤ ਹੋ ਕੇ ਸੁੱਕ ਕੇ ਲੱਕੜੀ ਹੋ ਗਿਆ। ਕੁਝ ਦਿਨਾਂ ਦਾ ਹੀ ਪ੍ਰਾਹੁਣਾ ਜਾਪੇ । ਉਸ ਮਾਤਾ ਨੇ ਸੁਣਿਆ ਕਿ ਗੁਰੂ ਤੇਗ ਬਹਾਦਰ ਜੀ ਦਾ ਸਾਹਿਬਜ਼ਾਦਾ ਜੋ ਕਹਿੰਦਾ ਹੈ, ਸਭ ਸੱਤ ਹੋ ਜਾਂਦਾ ਹੈ । ਉਹ ਦੁਖੀਆਂ ਦੇ ਦੁੱਖ ਦੂਰ ਕਰਦਾ ਹੈ ।

ਉਹ ਸਵੇਰ ਸਾਰ ਆਪਣੇ ਬੱਚੇ ਨੂੰ ਚੁੱਕ ਗੋਬਿੰਦ ਰਾਇ ਜੀ ਦੇ ਨਿਵਾਸ ਦੇ ਬਾਹਰ ਬੈਠ ਗਈ । ਚੋਜੀ ਪ੍ਰੀਤਮ ਥੋੜੀ ਦੇਰ ਬਾਅਦ ਘਰ ਵਿਚੋਂ ਬਾਹਰ ਆਏ। ਉਹਨਾਂ ਦੀ ਦ੍ਰਿਸ਼ਟੀ ਬਿਮਾਰ ਬੱਚੇ ਉੱਤੇ ਪੈ ਗਈ । ਜਦੋਂ ਪੁੱਛਿਆ ਤਾਂ ਬੱਚੇ ਦੀ ਮਾਤਾ ਨੇ ਬੜੀ ਅਧੀਰ ਹੋ ਕੇ ਅਰਜ ਕੀਤੀ, "ਮੇਰੇ ਜੀਵਨ ਦਾ ਸਹਾਰਾ ਮੇਰੇ ਸਾਹਮਣੇ ਦੁਨੀਆਂ ਤੋਂ ਜਾ ਰਿਹਾ ਹੈ, ਕਿਰਪਾ ਕਰੋ, ਮੇਰੇ ਬੱਚੇ ਨੂੰ ਜ਼ਿੰਦਗੀ ਦੀ ਖੈਰ ਪਾਉ।

ਦਸਮੇਸ਼ ਜੀ ਬਚਨ ਕੀਤਾ, ਜਾਹ ਮਾਤਾ, ਤੇਰਾ ਪੁੱਤਰ ਤੰਦਰੁਸਤ ਹੋ ਵੱਡੀ ਉਮਰ ਵਾਲਾ ਹੋਵੇਗਾ ।
ਸਤਿਗੁਰੂ ਜੀ ਦੀ ਕਿਰਪਾ ਨਾਲ ਬੱਚਾ ਕੁਝ ਦਿਨਾਂ ਵਿੱਚ ਹੀ ਨੌ-ਬਰ-ਨੌ ਹੋ ਗਿਆ ।

**-ਨਰਿੰਦਰ ਕੌਰ**

## ਮਾਲਾ

ਮਾਲਾ ਭਗਤ ਜਨਾਂ ਦਾ ਗਹਿਣਾ।
ਸਿਮਰਨ ਕਰਨਾ ਰਾਜੀ ਰਹਿਣਾ।
ਬੱਚੇ ਧੰਨ ਜੁ ਫੇਰਨ ਮਾਲਾ।
ਸਤਿਗੁਰ ਉਨ੍ਹਾਂ ਦਾ ਰਖਵਾਲਾ।
ਮਾਰ ਚੌਂਕੜਾ ਜਪਦੇ ਨਾਮ।
ਦੋਨੋ ਵਕਤ ਸੁਬਹਾ ਤੇ ਸ਼ਾਮ।
ਗੁਰ ਚਰਨਾਂ ਨਾਲ ਰਹਿੰਦੇ ਜੁੜੇ।
ਮੰਦੇ ਕਰਮਾਂ ਵੱਲੋਂ ਮੁੜੇ।
ਧੰਨ ਪਿਤਾ ਤੇ ਧੰਨ ਹੈ ਮਾਈ।

ਸੰਥਾ ਸੁੰਦਰ ਜਿੰਨ੍ਹਾਂ ਪੜ੍ਹਾਈ।
ਅੰਮ੍ਰਿਤ ਵੇਲੇ ਕਰ ਇਸ਼ਨਾਨ।
ਗੁਰ ਚਰਨਾਂ ਦਾ ਧਰਨ ਧਿਆਨ।
ਸਤਿ-ਸੰਗਤ ਵਿੱਚ ਜਾਕੇ ਉਹ।
ਗੁਰਬਾਣੀ ਨੂੰ ਗਾ ਕੇ ਉਹ।
ਬਸਤਾ ਲੈ ਜਾਂਦੇ ਪਾਠਸ਼ਾਲਾ।
ਅੱਗੇ ਪਿੱਛੇ ਫੇਰਨ ਮਾਲਾ।

**-ਸੰਤ ਨਿਧਾਨ ਸਿੰਘ 'ਆਲਿਮ'**

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੱਤਵਾਂ ਸੰਗੀਤ ਸੰਮੇਲਨ

28-29 ਨਵੰਬਰ ਸ੍ਰੀ ਭੈਣੀ ਸਾਹਿਬ ਵਿਖੇ ਸੱਤਵਾਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਹੋਇਆ, ਨਵੰਬਰ 2012 ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਵਤਾਰ ਪੁਰਬ ਦੀ ਖੁਸ਼ੀ ਵਿੱਚ ਪਹਿਲਾ ਸੰਗੀਤ ਸੰਮੇਲਨ ਹੋਇਆ ਤੇ ਜਿਸ ਵਿੱਚ ਸ਼ਾਸਤਰੀ ਸੰਗੀਤ ਜਗਤ ਦੀਆਂ ਵਿਸ਼ਵ ਪ੍ਰਸਿੱਧ ਹਸਤੀਆਂ ਆਪਣੀ ਕਲਾ ਦੇ ਜ਼ੋਹਰ ਵਿਖਾਏ। ਉਸਤਾਦ ਗੁਰਦੇਵ ਸਿੰਘ ਨਾਮਧਾਰੀ ਦਾ ਸਰੋਦਵਾਦਨ, ਪੰਡਤ ਪ੍ਰਵੀਨ ਗੋਰਖੰਡੀ ਜੀ ਤੇ ਪੰਡਤ ਸ਼ੜਜ ਗੋਰਖੰਡੀ ਜੀ ਦਾ ਬੰਸੁਰੀਵਾਦਨ ਨਾਲ ਪੰਡਤ ਯੋਗੇਸ਼ ਸਮਸੀ ਜੀ ਦੁਆਰਾ ਤਬਲੇ ਤੇ ਸੰਗਤ, ਪੰਡਤ ਅਜੇ ਚੱਕਰਵਰਤੀ ਜੀ ਦਾ ਗਾਇਨ, ਵਿਸ਼ਵ ਪ੍ਰਸਿੱਧ ਤਬਲਾ ਵਾਦਕ ਉਸਤਾਦ ਜ਼ਾਕਿਰ ਹੁਸੈਨ (ਤਬਲਾ), ਉਸਤਾਦ ਤੌਫੀਕ ਕੁਰੈਸ਼ੀ ਦਾ ਜ਼ੈਂਬੇ, ਵਿਦਵਾਨ ਅਨੰਥਾ ਕ੍ਰਿਸ਼ਨਨ ਦਾ ਮਿਰਦੰਗਮ, ਉਸਤਾਦ ਸਾਬਿਰ ਖਾਨ ਜੀ ਦਾ ਸਾਰੰਗੀ ਵਾਦਨ, ਸ੍ਰੀ ਭੈਣੀ ਸਾਹਿਬ ਦੇ ਹਜੂਰੀ ਰਾਗੀ ਸ ਬਲਵੰਤ ਸਿੰਘ ਜੀ ਦਾ ਪੁਰਾਤਨ ਬੰਦਿਸ਼ਾਂ ਦਾ ਗਾਇਨ ਤੇ ਹਰਪ੍ਰੀਤ ਸਿੰਘ ਨਾਮਧਾਰੀ ਦਾ ਤਬਲੇ ਤੇ ਅਨੂਠਾ ਸੰਗਮ ਇਸ ਸੰਗੀਤ ਸੰਮੇਲਨ ਦਾ ਆਕਰਸ਼ਨ ਰਿਹਾ। ਪੰਜਾਬ ਵਿੱਚ ਹਰੀਵਲਬ ਸੰਗੀਤ ਸੰਮੇਲਨ ਤੋਂ ਬਾਅਦ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੀ ਸੰਗੀਤ ਪ੍ਰੇਮੀਆਂ ਨੂੰ ਉਡੀਕ ਹੁੰਦੀ ਹੈ ਜੋ ਹੁਣ ਉਤਰ ਭਾਰਤ ਦਾ ਸਭ ਤੋਂ ਵੱਡਾ ਸੰਗੀਤ ਸੰਮੇਲਨ ਹੈ।

ਦਿਸੰਬਰ 2012 ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਉਪਰੰਤ ਨਾਮਧਾਰੀ ਪੰਥ ਦੇ ਵਰਤਮਾਨ ਰਹਿਨੁਮਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ "ਸਤਿਗੁਰੂ ਜਗਜੀਤ ਸਿੰਘ ਸਿਮ੍ਰਤੀ ਸੰਗੀਤ ਸੰਮੇਲਨਾਂ" ਦੀ ਲੜੀ ਆਰੰਭ ਕਰ ਦਿੱਤੀ ।

ਸੱਤਵੇਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੇ ਪਹਿਲੇ ਦਿਨ ਸ਼ਾਮ ਕ੍ਰੀਬ 5:30 ਵਜੇ ਨਾਮਧਾਰੀ ਕਲਾ ਕੇਂਦਰ ਦੇ ਸੰਗੀਤ ਸਿੱਖ ਰਹੇ ਛੋਟੇ ਬੱਚਿਆਂ ਨੇ ਬੰਦਿਸ਼ ਗਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ । ਉਪਰੰਤ ਹਜੂਰੀ ਰਾਗੀ ਬਲਵੰਤ ਸਿੰਘ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਸਿਖਾਈਆਂ ਬੰਦਿਸ਼ਾਂ ਦਾ ਪ੍ਰਭਾਵਸ਼ਾਲੀ ਗਾਇਨ ਕੀਤਾ। ਉਹਨਾ ਨਾਲ ਕਿਰਪਾਲ ਸਿੰਘ ਪਨੇਸਰ ਨੇ ਇਸਰਾਜ, ਹਰਪ੍ਰੀਤ ਸਿੰਘ ਨਾਮਧਾਰੀ ਨੇ ਤਬਲਾ, ਠਾਕਰ ਸਿੰਘ ਨੇ ਹਾਰਮੋਨੀਅਮ ਅਤੇ ਬਸੰਤ ਸਿੰਘ ਨੇ ਤਾਨਪੁਰੇ ਤੇ ਸੰਗਤ ਦਿੱਤੀ। ਉਹਨਾਂ ਨੇ ਧਰੁਪਦ ਅੰਗ ਵਿੱਚ ਹੋਰੀ ਦੀ ਬੰਦਿਸ਼ ਰਾਗ ਕੇਦਾਰਾ ਤੋਂ ਅਰੰਭ ਕਰ ਰਾਗ ਚਾਂਦਨੀ ਕੇਦਾਰ, ਹਮੀਰ ਵਿੱਚ ਬੰਦਿਸ਼ਾਂ ਗਾਇਨ ਕਰਕੇ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਯਾਦਾਂ ਨੂੰ ਤਾਜਾ ਕਰਵਾ ਦਿੱਤਾ। ਅੰਤ ਵਿੱਚ 'ਹਰ ਸਿਉਂ ਜਾਇ ਤੁਮ ਕਹੀਏ ਰੇ ਊਧੋ' ਠੁਮਰੀ ਗਾ ਕੇ ਮਾਹੌਲ ਨੂੰ ਵੈਰਾਗਮਈ ਕਰ ਦਿੱਤਾ।

ਤੀਸਰੀ ਪੇਸ਼ਕਾਰੀ ਸਰੋਦ ਵਾਦਨ ਦੀ ਉਸਤਾਦ ਗੁਰਦੇਵ ਸਿੰਘ ਨਾਮਧਾਰੀ ਨੇ ਰਾਗ ਚਾਰੂਕੇਸੀ ਵਿੱਚ ਕੀਤੀ। ਇਹਨਾਂ ਨਾਲ ਨੌਜਵਾਨ ਕਲਾਕਾਰ ਅਜੇਪਾਲ ਸਿੰਘ ਨੇ ਤਬਲੇ ਤੇ ਸੰਗਤ ਕੀਤੀ। ਪਹਿਲੇ ਦਿਨ ਦੇ ਆਖਰੀ ਕਲਾਕਾਰ ਬੰਸਰੀ ਵਾਦਕ ਉਸਤਾਦ ਪੰਡਿਤ ਪ੍ਰਵੀਨ ਗੋਰਖੰਡੀ ਜੀ ਤੇ ਉਹਨਾਂ ਦੇ ਪੁੱਤਰ ਪੰ. ਸ਼ੜਜ ਗੋਰਖੰਡੀ ਜੀ ਸਨ। ਇਹਨਾਂ ਰਾਗ ਯਮਨ 'ਚ ਵਿਲੰਬਤ ਇਕ ਤਾਲ ਤੋਂ ਸ਼ੁਰੂਆਤ ਕੀਤੀ। ਪੰਜਾਬ ਘਰਾਣੇ ਦੇ ਵਿਸ਼ਵ ਵਿਖਿਆਤ ਉਸਤਾਦ ਪੰ. ਯੋਗੇਸ਼ ਸਮਸੀ ਜੀ ਨੇ ਇਹਨਾਂ ਨਾਲ ਤਬਲੇ ਤੇ ਸੰਗਤ ਕੀਤੀ। ਯਮਨ ਤੋਂ ਬਾਅਦ ਰਾਗ ਰਾਗੇਸ਼ਵਰੀ ਦੀਆਂ ਸੁਰਾਂ ਨੇ ਸਾਰੇ ਸਰੋਤਿਆਂ ਨੂੰ ਸੰਗੀਤਕ ਧੁਨਾਂ ਵਿੱਚ ਕੀਲ ਲਿਆ। ਅਖੀਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਾਰਿਆਂ ਕਲਾਕਾਰਾਂ ਨੂੰ ਸਿਰੋਪਾਓ ਦੇ ਕੇ ਨਿਵਾਜ਼ਿਆ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੇ ਦੂਸਰੇ ਦਿਨ 29 ਨਵੰਬਰ 2018 ਈ: ਨੂੰ ਸਵੇਰ ਦੀ ਸੰਗੀਤ ਸਭਾ ਦਾ ਵਿਸ਼ੇਸ਼ ਆਯੋਜਨ ਕੀਤਾ ਗਿਆ। ਹੁਣ ਤੱਕ ਹੋ ਚੁੱਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਵਿਚ ਵਿਚ ਇਹ ਪਹਿਲਾ ਯਤਨ ਸੀ ਜਿਸ ਵਿਚ ਸਵੇਰ ਦੀ ਸੰਗੀਤ ਸਭਾ ਦਾ ਵਿਸ਼ੇਸ਼ ਯਤਨ ਕੀਤਾ ਗਿਆ। ਇਹ ਪਰੋਗਰਾਮ 29 ਨਵੰਬਰ 2018 ਈ: ਨੂੰ ਤਕਰੀਬਨ ਸਵੇਰੇ 10 ਵਜੇ ਆਰੰਭ ਹੋਇਆ। ਇਸ ਵਿਚ ਪਹਿਲੀ ਪੇਸ਼ਕਾਰੀ ਦੇ ਰੂਪ ਵਿਚ ਸੰਗੀਤ ਕਲਾ ਕੇਂਦਰ ਸ੍ਰੀ ਭੈਣੀ ਸਾਹਿਬ ਦੀ ਇਕ ਸੰਗੀਤਾਰਥਨ ਬੀਬੀ ਪ੍ਰਭਜੀਤ ਕੌਰ ਨੇ ਸਾਰੰਗੀ ਵਾਦਨ ਪੇਸ਼ਕਾਰੀ ਪ੍ਰਸਤੁੱਤ ਕੀਤੀ। ਬੀਬੀ ਪ੍ਰਭਜੀਤ ਕੌਰ ਨੇ ਸਾਰੰਗੀ ਉੱਪਰ ਰਾਗ 'ਮੀਆਂ ਕੀ ਤੋੜੀ' ਵਿਚ ਤਿੰਨ ਤਾਲ ਦੇ ਅੰਤਰਗਤ ਅੱਧ ਅਤੇ ਦਰੁੱਤ ਲੈਅ ਵਿਚ ਗਤ-ਵਾਦਨ ਅਤੇ ਕਲਾ ਪ੍ਰਸਤੁੱਤ ਕੀਤਾ। ਤਬਲੇ ਦੀ ਸੰਗਤ ਵਜੋਂ ਨੌਜਵਾਨ ਰਤਨ ਸਿੰਘ ਸ੍ਰੀ ਭੈਣੀ ਸਾਹਿਬ ਨੇ ਪੇਸ਼ਕਾਰੀ ਪ੍ਰਸਤੁਤ ਕੀਤੀ।

ਇਸ ਤੋਂ ਉਪਰੰਤ ਇਸ ਸੰਗੀਤ ਸਭਾ ਦੇ ਮੁੱਖ ਕਲਾਕਾਰ ਵਜੋਂ ਪਟਿਆਲੇ ਘਰਾਣੇ ਦੇ ਵਿਸ਼ਵ ਵਿਖਿਆਤ 'ਪੰ. ਅਜੇ ਚਕੱਰਵਰਤੀ ਜੀ' ਨੇ ਆਪਣਾ ਮਧੁਰ ਗਾਇਨ ਪ੍ਰਸਤੁਤ ਕੀਤਾ। ਪੰ. ਜੀ ਨੇ ਸਰਵ-ਪ੍ਰਥਮ ਰਾਗ ਭੈਰਵ ਵਿਚ 'ਜਬ ਜਾਗੇ ਸਵੇਰਾ, ਨਾਮ ਪ੍ਰਭੂ ਕਾ ਜਪ ਲੇ ਮਨ ਮੇਰਾ' ਨਾਮਕ ਰਚਨਾ ਵਿਲੰਜਿਤ ਇਕ ਤਾਲ

'ਦਾਲਿਦ੍ਰ ਦੁੱਖ ਭੰਜਨ' ਨਾਮਕ ਰਚਨਾ ਝੱਪ ਤਾਲ ਮੱਧ ਲੈਅ ਅਤੇ 'ਗੁਰੂ ਹਮਾਰੇ ਅੰਤਰਜਾਮੀ' ਨਾਮਕ ਰਚਨਾ ਦਰੁੱਤ ਤਾਲ ਤਿੰਨ ਤਾਲ ਵਿਚ ਪੇਸ਼ ਕੀਤੀ। ਇਸ ਤੋਂ ਬਾਦ ਰਾਗ ਭੈਰਵੀ ਵਿਚ ਮੱਧ ਅਤੇ ਦਰੁੱਤ ਤਿੰਨ ਤਾਲ ਵਿਚ ਖਿਆਲ ਰਚਨਾਵਾਂ ਪੇਸ਼ ਕਰਦੇ ਹੋਏ ਅੰਤ ਵਿਚ ਰਾਗ ਭੈਰਵੀ ਵਿਚ ਹੀ ਪ੍ਰਸਿੱਧ ਠੁਮਰੀ 'ਕਾ ਕਰੂੰ ਸਜਨੀ ਆਏ ਨਾ ਬਾਲਮ' ਦਾ ਬਹੁਤ ਸੁੰਦਰ ਗਾਇਨ ਪੇਸ਼ ਕੀਤਾ। ਆਪ ਜੀ ਨਾਲ ਸੰਗਤ ਕਲਾਕਾਰ ਦੇ ਰੂਪ ਵਜੋਂ ਪੰਜਾਬ ਘਰਾਣੇ ਦੇ ਪ੍ਰਸਿੱਧ ਤਬਲਾ ਵਾਦਕ 'ਪੰ. ਯੋਗੇਸ਼ ਸਮਸੀ' ਜੀ ਨੇ ਤਬਲਾ ਸੰਗਤ ਕੀਤੀ। ਹਰਮੋਨੀਅਮ ਸੰਗਤ ਵਜੋਂ ਪੰ. ਅਜੇ ਜੋਗਲੇਕਰ ਜੀ, ਗਾਇਨ ਸੰਗਤ ਵਜੋਂ 'ਸ੍ਰੀ ਬਿਜੇਸ਼ਵਰ ਮੁਖਰਜੀ ਜੀ ਅਤੇ ਤਾਨਪੁਰਾ ਸੰਗਤ ਵਜੋਂ ਸੰਤ ਸ਼ਾਮ ਸਿੰਘ ਮੁੱਠਡਾ ਨੇ ਆਪਣੀ ਪ੍ਰਸਤੁਤੀ ਦਿੱਤੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੇ ਦੂਸਰੇ ਦਿਨ 29 ਨਵੰਬਰ 2018 ਨੂੰ ਸ਼ਾਮ ਦੀ ਸੰਗੀਤ ਸਭਾ ਤਕਰੀਬਨ ਸ਼ਾਮ ਦੇ 6 ਵਜੇ ਆਰੰਭ ਹੋਈ। ਇਸ ਸਭਾ ਵਿਚ ਉਸਤਾਦ ਗੁਰਦੇਵ ਸਿੰਘ ਨਾਮਧਾਰੀ ਸਰੋਦ ਜੀ ਨੂੰ 'ਸ੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਰਤਨ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ। ਇਹ ਪੁਰਸਕਾਰ, ਉਹਨਾਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮਨੁਸਾਰ ਸੰਗੀਤ ਦਾ ਪ੍ਰਚਾਰ ਪ੍ਰਸਾਰ ਦੇਸ਼ ਵਿਦੇਸ਼ ਵਿਚ ਕਰਨ ਅਤੇ ਸੰਗੀਤ ਵਿਚ ਉਹਨਾਂ ਦੇ ਮਹਤੱਵਪੂਰਨ ਯੋਗਦਾਨ ਨੂੰ ਦਰਸਾਉਂਦੇ ਹੋਏ, ਪ੍ਰਦਾਨ ਕੀਤਾ ਗਿਆ। ਉਸਤਾਦ ਗੁਰਦੇਵ ਸਿੰਘ ਜੀ ਨੂੰ ਇਹ ਪੁਰਸਕਾਰ ਉਸਤਾਦ 'ਜ਼ਾਕਿਰ ਹੁਸੈਨ ਜੀ' ਹੱਥੋਂ ਪ੍ਰਦਾਨ ਕੀਤਾ ਗਿਆ।

ਇਸ ਉਪਰੰਤ ਇਕ ਹੋਰ ਪੁਰਸਕਾਰ ਪੰਜਾਬ ਘਰਾਣੇ ਦੇ ਪ੍ਰੱਸਿੱਧ ਤਬਲਾ ਵਾਦਕ 'ਪੰ. ਯੋਗੇਸ਼ ਸਮਸੀ ਜੀ' ਨੂੰ ਉਹਨਾਂ ਦੇ ਪੰਜਾਹ ਸਾਲ ਆਯੂ ਪੂਰੀ ਹੋਣ ਤੇ ਸੰਗੀਤ ਵਿਚ ਤਬਲੇ ਦੇ ਖੇਤਰ ਵਿਚ ਮਹਤੱਵਪੂਰਨ ਯੋਗਦਾਨ ਨੂੰ ਦੇਖਦੇ ਹੋਏ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਖੁਸ਼ੀਆਂ ਦੇ ਵਿਸ਼ੇਸ ਪਾਤਰ ਹੋਣ ਸੰਬੰਧੀ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਵੱਲੋਂ ਪ੍ਰਦਾਨ ਕੀਤਾ ਗਿਆ। ਇਸ ਤੋਂ ਬਾਦ ਇਸ ਸੰਗੀਤ ਸਭਾ ਦੇ ਮੁੱਖ ਕਲਾਕਾਰ ਵਿਸ਼ਵ ਵਿਖਿਆਤ "ਉਸਤਾਦ ਜ਼ਾਕਿਰ ਹੁਸੈਨ ਜੀ" ਨੇ ਆਪਣਾ ਸੁਤੰਤਰ ਤਬਲਾ ਵਾਦਨ ਪ੍ਰਸਤੁਤ ਕੀਤਾ। ਆਪ ਜੀ ਨਾਲ ਨਗਮੇ ਦੀ ਸੰਗਤ ਦੇ ਰੂਪ ਵਿਚ ਉਸਤਾਦ 'ਸਾਬਿਰ ਖਾਨ ਜੀ' ਨੇ ਸੰਗੀਤ ਵਾਦਨ ਪ੍ਰਸਤੁੱਤ ਕੀਤਾ। ਇਸ ਪ੍ਰੋਗਰਾਮ ਦੇ ਅੰਤਰਗਤ ਹੀ ਉਸਤਾਦ ਜ਼ਾਕਿਰ ਹੁਸੈਨ ਜੀ ਨਾਲ ਹੋਰਨਾਂ ਕਲਾਕਾਰਾਂ ਉਸਤਾਦ 'ਤੌਫੀਕ ਕੁਰੈਸ਼ੀ ਜੀ' ਨੇ ਜ਼ੈਬੇ ਵਿਦਵਾਨ 'ਅਨੰਥਾ ਕ੍ਰਿਸ਼ਨਨ ਜੀ' ਨੇ ਮ੍ਰਿਦੰਗਮ ਅਤੇ 'ਸ੍ਰੀ ਮਾਰਕਸ ਗਿਲਮੋਰ' ਨੇ ਡਰਮ ਉੱਪਰ ਵਾਦਨ ਪ੍ਰਸਤੁੱਤ ਕਰਦੇ ਹੋਏ ਤਾਲ ਵਾਦਨ ਕਚਿਹਿਰੀ ਦੇ ਰੂਪ ਵਿੱਚ ਆਪਣੀ ਪੇਸ਼ਕਾਰੀ ਪ੍ਰਸਤੁੱਤ ਕੀਤੀ। ਸਭ ਸੰਗੀਤ ਪ੍ਰੇਮੀਆਂ ਨੇ ਇਸ ਵਿਸ਼ੇਸ਼ ਪ੍ਰੋਗਰਾਮ ਦਾ ਬਹੁਤ ਆਨੰਦ ਮਾਣਿਆ।

**ਮਿਤੀ 30 ਅਕਤੂਬਰ 2018** ਦੀ ਸਵੇਰ ਨੂੰ ਸ੍ਰੀ ਭੈਣੀ ਸਾਹਿਬ (ਹਰੀ ਮੰਦਿਰ) ਵਿਖੇ ਸ਼੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਇੱਕ ਸੰਗੀਤ ਬੈਠਕ ਦਾ ਆਯੋਜਨ ਕੀਤਾ ਗਿਆ। ਇਸ ਬੈਠਕ ਵਿੱਚ ਪੰ.ਅਜੇ ਚੱਕਰਵਰਤੀ ਜੀ ਨੇ ਸ੍ਰੀ ਭੈਣੀ ਸਾਹਿਬ ਦੀ ਸੰਗੀਤ ਦੀ ਨਵੀਂ ਪੁੰਗਰਦੀ ਪਨੀਰੀ ਨੂੰ ਸੁਣਿਆ।

ਸਭ ਤੋਂ ਪਹਿਲਾਂ ਆਤਮਾ ਸਿੰਘ,ਆਸਾ ਸਿੰਘ, ਅਲਬੇਲ ਕੌਰ, ਆਦਿ ਬੱਚਿਆਂ ਦੇ ਗਰੁੱਪ ਨੇ ਰਾਗ ਯਮਨ ਵਿੱਚ ' ਗੁਨ ਨਹੀਂ ਏਕੋ' ਬੰਦਿਸ਼ ਦਾ ਗਾਇਨ ਕੀਤਾ। ਇਸ ਤੋਂ ਬਾਅਦ ਗੁਰਦੇਵ ਕੌਰ ਨੇਂ ਰਾਗ ਭੀਮ ਪਲਾਸੀ ਵਿਚ 'ਬਿਰਜ ਮੇਂ ਧੂਮ ਮਚਾਈ ', ਬ੍ਰਹਮ ਕੌਰ ਨੇ ਰਾਗ ਕਲਾਵਤੀ ਵਿਚ ' ਮਿਹਰ ਕੀਜੇ ਰਬ ਰਹਮਾਨ',ਹਰਦੇਵ ਕੌਰ ਨੇ ਰਾਗ ਮਧੂਵੰਤੀ ਵਿੱਚ 'ਕਾਹੇ ਮਾਨ ਕਰੋ' ਅਤੇ ਬਸੰਤ ਸਿੰਘ ਨੇ ਰਾਗ ਬਾਗੇਸ਼੍ਰੀ ਵਿਚ 'ਵਿਨਤੀ ਸੁਨੋ ਮੋਰੀ' ਤੇ 'ਝਗੜਾ ਕਰਤ' ਬੰਦਿਸ਼ਾਂ ਦਾ ਗਾਇਨ ਕੀਤਾ।

ਅਖੀਰ ਵਿਚ ਪੰ. ਅਜੇ ਚੱਕਰਵਰਤੀ ਜੀ ਨੇ ਬੱਚਿਆਂ ਨੂੰ ਸੰਗੀਤ ਦੀਆਂ ਬਾਰੀਕੀਆਂ ਬਾਰੇ ਦੱਸਿਆ ਅਤੇ ਅਸ਼ੀਰਵਾਦ ਦਿੱਤਾ। ਸਤਿਗੁਰੂ ਜੀ ਨੇ ਪੰਡਿਤ ਅਜੇ ਚੱਕਰਵਰਤੀ ਜੀ ਨੂੰ ਰਾਗੀ ਬਲਵੰਤ ਸਿੰਘ ਦੇ ਸਪੁੱਤਰ ਨੂੰ ਸ਼ਾਗਿਰਦ ਬਣਾਉਣ ਲਈ ਕਿਹਾ ਤਾਂ ਪੰ. ਜੀ ਨੇ ਅਖਿਆ ਕਿ ਮੈਂ ਇਸ ਬੱਚੇ ਨੂੰ ਆਪਣਾ ਸ਼ਾਗਿਰਦ ਬਣਾ ਕੇ ਆਪਣੇ ਆਪ ਨੂੰ ਖੁਸ਼ ਕਿਸਮਤ ਸਮਝਾਂਗਾ।

**–ਰਾਗੀ ਹਰਵਿੰਦਰ ਸਿੰਘ, ਠਾਕਰ ਸਿੰਘ**

-----------------------------

# ਪਿੰਡ ਖੰਜਰਵਾਲ ਵਿਖੇ ਇੰਦਰਜੀਤ ਸਿੰਘ ਨਮਿੱਤ ਪਾਠ ਦਾ ਭੋਗ

ਸ: ਇੰਦਰਜੀਤ ਸਿੰਘ ਸ੍ਰੀ ਸਤਿਗੁਰੂ ਜੀ ਦੇ ਸ਼ਰਧਾਲੂ ਸਿੱਖ ਸਨ। ਆਪ ਜੀ ਕੁਛ ਚਿਰ ਬੀਮਾਰ ਰਹਿ ਕੇ 30 ਨਵੰਬਰ ਵਾਲੇ ਦਿਨ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਉਹਨਾਂ ਨਮਿੱਤ ਉਹਨਾਂ ਦੇ ਭਰਾਵਾਂ ਸ: ਨਰਿੰਦਰਜੀਤ ਸਿੰਘ ਤੇ ਗੁਰਿੰਦਰਪਾਲ ਸਿੰਘ ਅਤੇ ਸ.ਬੇਅੰਤ ਸਿੰਘ ਤੇ ਸ: ਸਤਵੰਤ ਸਿੰਘ ਪੁੱਤਰਾਂ ਨੇ 12 ਦਸੰਬਰ ਵਾਲੇ ਦਿਨ ਉਹਨਾਂ ਨਮਿੱਤ ਪਾਠ ਦਾ ਭੋਗ ਪਾਇਆ। ਸ੍ਰੀ ਭੈਣੀ ਸਾਹਿਬ ਤੋਂ ਰਾਗੀ ਸੰਤ ਈਸਰ ਸਿੰਘ, ਇਕਬਾਲ ਸਿੰਘ ਤੇ ਆਸਾ ਸਿੰਘ ਨੇ ਰਸਮਈ ਕੀਰਤਨ ਕੀਤਾ। ਸੂਬਾ ਨਿਰੰਜਨ ਸਿੰਘ ਟਮਕੌਡੀ ਵਾਲਿਆਂ ਨੇ ਪ੍ਰਭਾਵਸ਼ਾਲੀ ਦੀਵਾਨ ਸਜਾਏ। ਇਸ ਸਮੇਂ ਸਾਧ ਸੰਗਤ ਦਾ ਮਹਾਨ ਇਕੱਠ ਸੀ। ਇਸ ਸਮੇਂ ਸ; ਹਰਬੀਰ ਸਿੰਘ ਗਿਆਨੀ (ਅਕਾਲੀ ਆਗੂ), ਸੰਤ ਗੁਰਦਿਆਲ ਸਿੰਘ (ਪਾਠ ਪ੍ਰਬੰਧਕ) ਸ੍ਰੀ ਭੈਣੀ ਸਾਹਿਬ, ਸ: ਲਖਵੀਰ ਸਿੰਘ (ਪ੍ਰੈਸ ਰਿਪੋਰਟਰ) ਬੱਦੋਵਾਲ, ਸ: ਚਰਨ ਸਿੰਘ ਸਿਆੜ, ਸ: ਅਵਤਾਰ ਸਿੰਘ ਚੱਕ ਕਲਾਂ ਨੇ ਹਾਜ਼ਰੀ ਭਰੀ। ਆਈ ਸਾਧ ਸੰਗਤਾਂ ਦੀ ਪ੍ਰਵਾਰ ਨੇ ਸੇਵਾ ਕੀਤੀ। ਸੂਬੇਦਾਰ ਸੁਖਦਰਸ਼ਨ ਸਿੰਘ ਨੇ ਆਏ ਰਿਸ਼ਤੇਦਾਰ ਅਤੇ ਸੰਗਤ ਦਾ ਧੰਨਵਾਦ ਕੀਤਾ। ਸ:ਇੰਦਰਜੀਤ ਸਿੰਘ ਬਹੁਤ ਮਿਲਾਪੜੇ, ਤੇ ਸਮਾਜ ਸੇਵਕ ਸਨ। ਯਾਦ ਰਹੇ ਆਪ ਜੀ ਮਾਤਾ ਜਸਬੀਰ ਕੌਰ (ਪੂਜਯ ਮਾਤਾ ਚੰਦ ਕੌਰ ਜੀ ਦੀ ਸੇਵਕਣ) ਦੇ ਸੁਯੋਗ ਸਪੁੱਤਰ ਸਨ।

**– ਜਗਮੋਹਨ ਸਿੰਘ ਟਮਕੌਂਡੀ**

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਉੱਤਰਾਖੰਡ ਅਤੇ ਉੱਤਰ ਪ੍ਰਦੇਸ਼ (ਯੂ.ਪੀ) ਦੌਰਾ

ਹਰ ਸਿੱਖ ਦੀ ਇਹ ਦਿਲੀ ਭਾਵਨਾ ਹੁੰਦੀ ਹੈ ਕਿ ਸ੍ਰੀ ਸਤਿਗੁਰੂ ਜੀ ਉਹਨਾਂ ਦੇ ਇਲਾਕੇ ਵਿੱਚ ਦਰਸ਼ਨ ਦੇਣ ਅਤੇ ਉਨ੍ਹਾਂ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕਰਨ। ਜਦੋਂ ਉੱਤਰਾਖੰਡ ਅਤੇ ਉੱਤਰ ਪ੍ਰਦੇਸ ਦੇ ਕੁਝ ਸਿੱਖਾਂ ਸੇਵਕਾਂ ਨੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਪਾਸ ਦਰਸ਼ਨ ਦੇਣ ਲਈ ਅਰਜ਼ ਬੇਨਤੀ ਕੀਤੀ। ਸ੍ਰੀ ਸਤਿਗੁਰੂ ਜੀ ਨੇ ਰੁਝੇਵੇਂ ਭਰੇ ਸਮੇਂ ਵਿੱਚੋਂ ਸਮਾਂ ਕੱਢਿਆ ਸਾਰੇ ਦੌਰੇ ਦਾ ਪ੍ਰੋਗਰਾਮ ਉਲੀਕ ਕੇ ਸਿੱਖਾਂ-ਸੇਵਕਾਂ ਤੱਕ ਸੁਨੇਹੇ ਪਹੁੰਚਾ ਦਿੱਤੇ ਗਏ ਕਿ ਸ੍ਰੀ ਸਤਿਗੁਰੂ ਜੀ ਮਿੱਥੇ ਹੋਏ ਪ੍ਰੋਗਾਮ ਦੇ ਮੁਤਾਬਿਕ ਦਰਸ਼ਨ ਦੇਣ ਦੀ ਕਿਰਪਾ ਕਰਨਗੇ।

**4 ਦਸੰਬਰ 2018 ਮੁਤਾਬਿਕ 19 ਮੱਘਰ 2075, ਦਿਨ ਮੰਗਲਵਾਰ:-** ਅੰਮ੍ਰਿਤ ਵੇਲੇ ਦਿੱਲੀ ਅਸ਼ੋਕ ਵਿਹਾਰ ਸ੍ਰੀ ਸਤਿਗੁਰੂ ਜੀ ਦੇ ਨਿਵਾਸ ਅਸਥਾਨ ਤੇ ਆਸਾ ਦੀ ਵਾਰ ਗੁਰਬਾਣੀ ਦਾ ਪਾਠ ਰਾਗੀ ਹਰਵਿੰਦਰ ਸਿੰਘ ਹਿੰਦਾ ਨੇ ਕੀਤਾ। ਉਪਰੰਤ ਸ੍ਰੀ ਸਤਿਗੁਰੂ ਜੀ ਦੇ ਹੁਕਮ ਮੁਤਾਬਿਕ ਇੱਥੋਂ ਦੌਰੇ ਦੀ ਅਰੰਭਤਾ ਦੀ ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤੀ ਅਤੇ ਸ੍ਰੀ ਸਤਿਗੁਰੂ ਜੀ, ਪੂਜਨੀਤ ਮਾਤਾ ਗੁਰਸ਼ਰਨ ਕੌਰ ਜੀ ਅਤੇ ਸਿੱਖ ਸੇਵਕਾਂ ਸਹਿਤ ਕਮਰ ਕੱਸੇ ਕਰ 5:25 ਤੇ ਗੱਡੀਆਂ ਵਿੱਚ ਸਵਾਰ ਹੋ ਕੇ ਚਾਲੇ ਪਾਏ। ਦਿੱਲੀ ਤੋਂ ਅਰੰਭ ਹੋਏ ਦੋਰੇ ਸਮੇਂ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਾਤਾ ਗੁਰਸ਼ਰਨ ਕੌਰ ਜੀ, ਸੇਵਕ ਕਰਤਾਰ ਸਿੰਘ, ਆਸਾ ਸਿੰਘ, ਸਤਨਾਮ ਸਿੰਘ, ਸੰਤ ਨਿਸ਼ਾਨ ਸਿੰਘ ਕਥਾਵਾਚਕ, ਸੂਬਾ ਬਲਵਿੰਦਰ ਸਿੰਘ ਝੱਲ, ਰਾਗੀ ਹਰਵਿੰਦਰ ਸਿੰਘ ਹਿੰਦਾ, ਸ਼ਾਮ ਸਿੰਘ ਰਾਗੀ, ਲਾਂਗਰੀ ਰਣਜੀਤ ਸਿੰਘ, ਜਥੇਦਾਰ ਹਰਪਾਲ ਸਿੰਘ ਯੂ. ਪੀ., ਸ. ਗੁਰਮੁਖ ਸਿੰਘ ਡਰਾਈਵਰ, ਹਰਜੀਤ ਸਿੰਘ ਜੀਤਾ, ਗੁਰਮੇਲ ਸਿੰਘ ਗੇਲਾ, ਹਰਦੇਵ ਸਿੰਘ ਦੇਬਾ ਅਤੇ ਪਰਗਟ ਸਿੰਘ ਮੌਜੂਦ ਸਿੰਘ। ਨਾਲ ਸੀ. ਆਰ. ਪੀ. ਐਫ. ਦੇ ਅੱਠ ਜਵਾਨ ਸਕਿਓਰਟੀ ਲਈ ਜਗਦੀਪ ਸਿੰਘ ਜੱਗੀ ਸਮੇਤ ਹਾਜਰ ਸਨ।

5:20 ਵਜੇ ਅਸ਼ੋਕ ਵਿਹਾਰ ਦਿੱਲੀ ਤੋਂ ਰਵਾਨਾ ਹੋ ਸ੍ਰੀ ਸਤਿਗੁਰੂ ਜੀ ਸਹਾਰਨਪੁਰ ਆਣ ਸ੍ਰ. ਉਂਕਾਰ ਸਿੰਘ ਪੁੱਤਰ ਕਰਤਾਰ ਸਿੰਘ ਦੇ ਚੜ੍ਹਾਈ ਕਰ ਜਾਣ ਤੇ ਪਰਵਾਰ ਨੂੰ ਦਿਲਾਸਾ ਦੇਣ ਲਈ ਪਰਿਵਾਰ ਨੂੰ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਸ੍ਰੀ ਸਤਿਗੁਰੂ ਜੀ ਨੇ ਉਂਕਾਰ ਸਿੰਘ ਪੁੱਤਰ ਅਜੇਪਾਲ ਸਿੰਘ ਤੇ ਕਿਰਪਾ ਕਰਦੇ ਹੋਏ ਪਿਆਰ ਭਰਿਆ ਹੱਥ ਮੋਢੇ ਤੇ ਰੱਖ ਕੇ ਨਿਵਾਜਿਆ ਅਤੇ ਗੁਰੂ ਦੇ ਭਾਣੇ ਵਿੱਚ ਰਹਿਣ ਦਾ ਹੁਕਮ ਕੀਤਾ। ਇੱਥੋਂ ਹੀ ਸਹਾਰਨਪੁਰ ਤੋਂ ਚੱਲ ਕੇ, ਨਜੀਬਾਬਾਦ, ਮੁਜ਼ੱਫਰਨਗਰ, ਮੁਰਾਦਾਬਾਦ, ਕਾਸ਼ੀਪੁਰ ਜਿੱਥੇ ਉੱਤਰਾਖੰਡ ਦੇ ਸੂਬਾ ਕਿਰਪਾਲ ਸਿੰਘ ਜੀ ਸ੍ਰੀ ਸਤਿਗੁਰੂ ਜੀ ਨੂੰ ਜੀ ਆਇਆਂ ਆਖਣ ਲਈ ਆਪਣੇ ਸਾਥੀਆਂ ਸਮੇਤ ਆਏ ਹੋਏ ਸਨ। ਇੱਥੋਂ ਕਾਸ਼ੀਪੁਰ ਤੋਂ ਮੁੰਡੀਆਂ ਮਨੀ ਫਾਰਮ ਬਾਜਪੁਰ ਵਿਖੇ ਸ੍ਰੀ ਸਤਿਗੁਰੂ ਜੀ 4:25 ਤੇ ਸ਼ਾਮ ਨੂੰ ਆਣ ਦਰਸ਼ਨ ਦਿੱਤੇ। ਸੰਗਤ ਨੇ ਜੋਰਦਾਰ ਜੈਕਾਰਿਆਂ ਨਾਲ ਸ੍ਰੀ ਸਤਿਗੁਰੂ ਜੀ ਦਾ ਭਰਪੂਰ ਸੁਆਗਤ ਕੀਤਾ। ਫਿਰ ਸ੍ਰੀ ਸਤਿਗੁਰੂ ਜੀ ਨੇ ਪੰਡਾਲ ਵਿੱਚ ਦਰਸ਼ਨ ਦਿੱਤੇ ਅਤੇ ਨਾਮ ਸਿਮਰਨ ਦੀ ਅਰੰਭਤਾ ਦੀ ਅਰਦਾਸ ਹੋਈ। ਨਾਮ ਸਿਮਰਨ ਦੇ ਦੌਰਾਨ ਹੀ ਸੰਤ ਹਰਭਜਨ ਸਿੰਘ ਜੀ ਖੰਡੂਵਾਲੀਏ ਨੇ ਕਥਾ ਕੀਤੀ ਅਤੇ ਉਪਰੰਤ ਸੰਤ ਨਿਸ਼ਾਨ ਸਿੰਘ ਕਥਾਵਾਚਕ ਨੇ ਕਥਾ ਕਰਨ ਦੀ ਕਿਰਪਾ ਕੀਤੀ। ਨਾਮ ਸਿਮਰਨ ਦੀ ਸਮਾਪਤੀ ਤੋਂ ਬਾਅਦ ਰਾਗੀ ਹਰਵਿੰਦਰ ਸਿੰਘ ਹਿੰਦਾ ਅਤੇ ਸ਼ਾਮ ਸਿੰਘ ਨੇ ਕੀਰਤਨ ਕੀਤਾ। ਕੀਰਤਨ ਸਮਾਪਤੀ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਸੂਬਾ ਕਿਰਪਾਲ ਸਿੰਘ ਦੇ ਅਰਜ਼ ਕਰਨ ਤੇ ਕੁਝ ਦੂਰ ਇੰਦੀਖੇੜਾ ਪਿੰਡ ਵਿੱਚ ਸ. ਗੁਰਨਾਮ ਸਿੰਘ ਦੇ ਘਰ ਦਰਸ਼ਨ ਦਿੱਤੇ ਅਤੇ ਇੱਥੇ ਸੰਤ ਹਰਭਜਨ ਸਿੰਘ ਝੱਲਾਂ ਵਾਲਿਆਂ ਦੇ ਨਵੇਂ ਬਣਾਏ ਡੇਰੇ ਵਿੱਚ, ਜੋ ਕਿ ਸੰਤ ਜਗਤ ਸਿੰਘ ਜੀ ਦੀ ਯਾਦ ਵਿੱਚ ਬਣਾਇਆ ਗਿਆ ਹੈ, ਸ੍ਰੀ ਸਤਿਗੁਰੂ ਜੀ ਨੇ ਚਰਨ ਪਾਉਣ ਦੀ ਕਿਰਪਾ ਕੀਤੀ। ਕੁਝ ਹੋਰ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ।

**5 ਦਸੰਬਰ 2018 ਮੁਤਾਬਿਕ 20 ਮੱਘਰ 2075, ਦਿਨ ਬੁੱਧਵਾਰ-** ਸਵੇਰੇ ਆਸਾ ਦੀ ਵਾਰ ਦਾ ਕੀਰਤਨ ਮੁੰਡੀਆ ਮਨੀ ਫਾਰਮ ਬਾਜਪੁਰ ਵਿਖੇ ਰਾਗੀ ਹਰਵਿੰਦਰ ਸਿੰਘ ਹਿੰਦਾ ਅਤੇ ਸ਼ਾਮ ਸਿੰਘ ਨੇ ਕੀਤਾ। ਭੋਗ ਉਪਰੰਤ ਪ੍ਰਸ਼ਾਦਾ ਛਕ ਕੇ ਕੁਝ ਘਰਾਂ ਵਿੱਚ ਚਰਨ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਦਾ ਕਾਫਲਾ ਅਗਲੀ ਮੰਜ਼ਿਲ ਵੱਲ ਵਧਿਆ। ਰਸਤੇ ਵਿੱਚ ਬਾਜਪੁਰ ਸ. ਲੱਖਾ ਸਿੰਘ ਦੇ ਘਰ ਚਰਨ ਪਾਉਣ ਤੋਂ ਬਾਅਦ ਲੰਬੇ ਸਫਰ ਲਈ ਸ਼ਾਹਜਹਾਨਪੁਰ ਲਈ ਚਾਲੇ ਪਾਏ। ਜਿੱਥੇ ਪਿੰਡ ਤਿਲਹਰ ਨੇੜੇ ਸ਼ਾਹਜਹਾਨਪੁਰ ਸ. ਹਰਮੇਲ ਸਿੰਘ ਦੇ ਘਰ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ।

ਸ਼ਾਹਜਹਾਨਪੁਰ ਤੋਂ ਵਾਪਸੀ ਗੋਲਾ ਆਉਂਦੇ ਹੋਏ ਰਸਤੇ ਵਿੱਚ ਸ. ਜੋਗਿੰਦਰ ਸਿੰਘ ਦੇ ਘਰ ਮੁਹੰਮਦੀ ਚਰਨ ਪਾਉਣ ਦੀ ਕਿਰਪਾ ਕੀਤੀ। ਗੋਲਾ ਗੋਕਰਨ ਨਾਥ ਸ਼ਹਿਰ ਦੇ ਬਾਹਰਵਾਰ ਸੂਬਾ ਗੁਰਦੀਪ ਸਿੰਘ ਦੀ ਅਗਵਾਈ ਵਿੱਚ ਕੁਝ ਸਿੰਘ ਸ੍ਰੀ ਸਤਿਗੁਰੂ ਜੀ ਦੇ ਸੁਆਗਤ ਲਈ ਖਲੋਤੇ ਸਨ। ਇੱਥੋਂ ਹੀ ਸ੍ਰੀ ਸਤਿਗੁਰੂ ਜੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ, ਜਿਸਨੂੰ ਮਾਡਲ ਫਾਰਮ ਕਰਕੇ ਜਾਣਿਆ ਜਾਂਦਾ ਹੈ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਕਿਰਪਾ ਕਰਕੇ ਇੱਥੇ ਨਾਮ

ਸਿਮਰਨ ਦੀ ਅਖੰਡ ਵਰਨੀ ਅਰੰਭ ਕੀਤੀ ਹੈ। ਜੋ ਨਿਰੰਤਰ ਜਾਰੀ ਹੈ। ਇੱਥੇ ਸਾਧ ਸੰਗਤ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਮੇਲਾ ਕੀਤਾ, ਸਾਧ ਸੰਗਤ ਕਾਫੀ ਗਿਣਤੀ ਵਿੱਚ ਹਾਜ਼ਰ ਸੀ। ਜਥੇਦਾਰ ਹਰਪਾਲ ਸਿੰਘ ਯੂ. ਪੀ. ਨੇ ਕਥਾ ਕੀਤੀ। ਉਪਰੰਤ ਸੰਤ ਨਿਸ਼ਾਨ ਸਿੰਘ ਜੀ ਨੇ ਇੱਕ ਘੰਟੇ ਲਈ ਕਥਾ ਕੀਤੀ, ਜਿਸ ਵਿੱਚ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਇਤਿਹਾਸ ਨੂੰ ਸਾਧ ਸੰਗਤ ਦੇ ਸਨਮੁੱਖ ਪੇਸ਼ ਕੀਤਾ। ਇਸੇ ਸਮੇਂ ਹੀ ਸ੍ਰੀ ਸਤਿਗੁਰੂ ਜੀ ਨੇ ਕਿਰਪਾ ਕੀਤੀ ਸਾਧ ਸੰਗਤ ਨੂੰ ਆਣ ਦਰਸ਼ਨ ਦਿੱਤੇ। ਇੱਕ ਘੰਟਾ ਨਾਮ ਸਿਮਰਨ ਦੀ ਸਮਾਪਤੀ ਬਾਅਦ ਰਾਗੀ ਹਰਵਿੰਦਰ ਸਿੰਘ ਅਤੇ ਸ਼ਾਮ ਸਿੰਘ ਨੇ ਕੀਰਤਨ ਕੀਤਾ, ਜਿਸ ਵਿੱਚ "ਕਲਿ ਤਾਰਣ ਗੁਰੂ ਨਾਨਕ ਆਇਆ" ਸ਼ਬਦ ਗਾਇਨ ਕੀਤਾ ਗਿਆ। ਕੀਰਤਨ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਇੱਥੋਂ ਹੀ ਸ੍ਰੀ ਸਤਿਗੁਰੂ ਜੀ ਇਮਲੀਆ ਕੋਠੀ ਦਰਸ਼ਨ ਦਿੱਤੇ ਅਤੇ ਫਿਰ ਪੂਰਨਪੁਰ ਲਗਭਗ ਪੰਜਾਹ ਕਿਲੋਮੀਟਰ ਦੂਰ ਕੁੱਝ ਸਿੱਖਾਂ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਚਰਨ ਪਾ ਕੇ ਵਾਪਸ ਇਮਲੀਆ ਕੋਠੀ ਆਣ ਰਾਤ ਵਿਸਰਾਮ ਕੀਤਾ।

**6 ਦਸੰਬਰ 2018 ਮੁਤਾਬਿਕ 21 ਮੱਘਰ 2075, ਦਿਨ ਵੀਰਵਾਰ–** ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਹਰਵਿੰਦਰ ਸਿੰਘ ਹਿੰਦਾ ਅਤੇ ਸ਼ਾਮ ਸਿੰਘ ਨੇ ਮਾਡਲ ਫਾਰਮ ਗੋਲਾ ਵਿਖੇ ਕੀਤਾ। ਇੱਥੇ 2 ਪਾਠਾਂ ਇੱਕ ਪਾਠ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਅਤੇ ਇੱਕ ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਪਵਿੱਤਰ ਯਾਦ ਵਿੱਚ ਦੇ ਭੋਗ ਪਾਏ ਗਏ। ਭੋਗ ਦੀ ਸਮਾਪਤੀ ਬਾਅਦ ਸ੍ਰੀ ਸਤਿਗੁਰੂ ਜੀ ਨੇ ਉਹ ਪੁਰਾਣੇ ਮਕਾਨ ਦੇਖੇ ਜਿੱਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਡੇਰਾ ਕਰਿਆ ਕਰਦੇ ਸਨ। ਜਿਕਰਯੋਗ ਹੈ ਕਿ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਮੰਨ ਕੇ ਇੱਥੇ ਗੋਲਾ ਫਾਰਮ ਵਿਖੇ ਲਗਭਗ ਚਾਰ ਸਾਲ ਤਨੋ ਮਨੋ ਸੇਵਾ ਨਿਭਾਈ ਹੈ। ਇਸ ਕਰਕੇ ਹਜ਼ੂਰ ਸਤਿਗੁਰੂ ਜੀ ਨੇ ਆਪਣੀਆਂ ਪੁਰਾਣੀਆਂ ਯਾਦਾਂ ਵੀ ਉੱਥੋਂ ਦੀ ਸਾਧ ਸੰਗਤ ਨਾਲ ਤਾਜ਼ਾ ਕੀਤੀਆਂ। ਇੱਥੇ ਵੀ ਸ੍ਰੀ ਸਤਿਗੁਰੂ ਜੀ ਨੇ ਕੁਝ ਸਿੱਖਾਂ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਵਾਪਸ ਇਮਲੀਆ ਕੋਠੀ ਆਣ ਕੁਝ ਸਿੱਖਾਂ ਦੇ ਘਰ ਚਰਨ ਪਾ ਕੇ ਕੁੰਦਵਾ ਫਾਰਮ ਸ. ਸਾਧੂ ਸਿੰਘ ਝੱਬਰ ਦੇ ਪੋਤਰਿਆਂ ਨੂੰ ਦਸਤਾਰ ਸਜਾਉਣ ਦੀ ਕਿਰਪਾ ਕੀਤੀ। ਇੱਥੇ ਹੀ ਸ. ਫੌਜਾ ਸਿੰਘ ਦੇ ਪੁੱਤਰ ਸ. ਮੋਹਨ ਸਿੰਘ ਦੇ ਭਰ ਪ੍ਰਸ਼ਾਦਾ ਛਕਣ ਉਪਰੰਤ ਦਇਆ ਨਗਰ ਅਤੇ ਵਸਲੀਪੁਰ ਦੇ ਕੁਝ ਸਿੱਖਾਂ ਘਰ ਚਰਨ ਪਾਏ। ਇੱਥੋਂ ਹੀ ਕੁਝ ਸਫਰ ਤਹਿ ਕਰਕੇ ਮਲਿਕ ਫਾਰਮ ਵਿਖੇ ਸ੍ਰੀ ਸਤਿਗੁਰੂ ਜੀ ਆਣ ਦਰਸ਼ਨ ਦਿੱਤੇ, ਜਿੱਥੇ ਸ. ਅਜੀਤ ਸਿੰਘ ਦੇ ਨਮਿਤ ਭੋਗ ਪੈਣਾ ਸੀ।

ਸਾਧ ਸੰਗਤ ਨੇ ਕਤਾਰਾਂ ਵਿੱਚ ਸ੍ਰੀ ਸਤਿਗੁਰੂ ਜੀ ਨੂੰ ਆਦਰ ਸਹਿਤ ਨਮਸਕਾਰ ਕੀਤੀ। ਨਾਮ ਸਿਮਰਨ ਦੀ ਅਰਦਾਸ ਹੋਈ, ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ ਅਤੇ ਇੱਕ ਪਾਠ ਦਾ ਭੋਗ ਸ. ਅਜੀਤ ਸਿੰਘ ਨਮਿਤ ਪਾਇਆ ਗਿਆ। ਸ਼ਾਮ ਦਾ ਦੀਵਾਨ ਰਾਗੀ ਹਰਵਿੰਦਰ ਸਿੰਘ ਅਤੇ ਸ਼ਾਮ ਸਿੰਘ ਨੇ ਕੀਤਾ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਕੁਝ ਸਿੱਖਾਂ ਦੇ ਘਰਾਂ ਵਿੱਚ ਚਰਨ ਪਾਏ, ਨਾਮ ਇਸ ਪ੍ਰਕਾਸ ਹਨ।

**7 ਦਸੰਬਰ 2018 ਮੁਤਾਬਿਕ 22 ਮੱਘਰ 2075, ਦਿਨ ਸ਼ੁੱਕਰਵਾਰ–** ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਮਲਿਕ ਫਾਰਮ ਵਿਖੇ ਸ. ਖਜ਼ਾਨ ਸਿੰਘ ਦੇ ਘਰ ਹੋਇਆ। ਅੱਜ ਦਾ ਮੇਲਾ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੀ। ਜਿਸ ਵਿੱਚ ਪਵਿੱਤਰ ਗੁਰਬਾਣੀ ਦੇ ਚਾਰ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੇਣ ਦੀ ਕਿਰਪਾ ਕੀਤੀ ਅਤੇ ਬੱਚਿਆਂ ਨੂੰ ਗੁਰਸਿੱਖੀ ਨਾਲ ਜੋੜਨ ਦਾ ਹੁਕਮ ਕੀਤਾ।

ਮਲਿਕ ਫਾਰਮ ਵਿਖੇ ਰਾਤ ਦਾ ਡੇਰਾ ਸ. ਬਲਕਾਰ ਸਿੰਘ ਦੇ ਘਰ ਸੀ। ਇੱਥੇ ਹੀ ਸ. ਜਸਵੰਤ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਦੇ ਘਰ ਚਰਨ ਪਾਏ। ਇੱਥੋਂ ਹੀ ਅਗਲੀ ਮੰਜ਼ਿਲ ਸੁਲਤਾਨਪੁਰ ਲਈ ਚਾਲੇ ਪਾਏ। ਰਸਤੇ ਵਿੱਚ ਤਿਰਲੋਕ ਸਿੰਘ ਸੁੰਦਰਵਾਲ ਬਨਕਾ ਫਾਰਮ ਭੁਪਿੰਦਰ ਸਿੰਘ ਸੀਤਾਪੁਰ ਸ. ਗੁਰਦੇਵ ਸਿੰਘ ਖੈਰਾਬਾਦ ਪਹੁੰਚੇ, ਜਿੱਥੇ ਸਾਧ ਸੰਗਤ ਕਾਫੀ ਗਿਣਤੀ ਵਿੱਚ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਉਡੀਕ ਕਰ ਰਹੀ ਸੀ। ਇੱਥੇ ਹੀ ਪੰਡਿਤ ਪ੍ਰਦੀਪ ਕੁਮਾਰ ਪੁੱਤਰ ਹਰੀ ਕ੍ਰਿਸ਼ਨ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਸੀਤਾਪੁਰ ਤੋਂ ਵਾਇਆ ਲਖਨਊ, ਫੈਜ਼ਾਬਾਦ ਜਿੱਥੋਂ ਰਾਮ ਜਨਮ ਭੂਮੀ ਅਯੁਧਿਆ ਤਕਰੀਬਨ ਦਸ ਕਿਲੋਮੀਟਰ ਸੀ, ਹੁੰਦੇ ਹੋਏ ਸ਼ਾਮ ਤਕਰੀਬਨ 4:35 ਵਜੇ ਸੁਲਤਾਨਪੁਰ ਪਹੁੰਚੇ, ਜਿੱਥੇ ਸੂਬਾ ਰਤਨ ਸਿੰਘ ਸਾਧ ਸੰਗਤ ਨਾਲ ਫੁੱਲ ਮਾਲਾ ਲੈ ਕੇ ਸਤਿਗੁਰੂ ਜੀ ਦੇ ਸੁਆਗਤ ਲਈ ਖਲੋਤੇ ਉਡੀਕ ਕਰ ਰਹੇ ਸਨ। ਪਹੁੰਚਣ ਤੇ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਕੀਤਾ ਗਿਆ। ਸੁਲਤਾਨਪੁਰ ਪਹੁੰਚ ਕੇ ਕੁਝ ਦੇਰ ਵਿਸਰਾਮ ਕਰਕੇ ਸ਼ਾਮ ਨੂੰ 6 ਤੋਂ 7 ਨਾਮ ਸਿਮਰਨ ਇੱਥੇ ਡੇਰੇ ਹੀ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਦਾ ਡੇਰਾ ਸ. ਰਾਜਬਹਾਦਰ ਸਿੰਘ, ਗੁਰਦੇਵ ਸਿੰਘ, ਇੰਦਰਪਾਲ ਸਿੰਘ ਪੁੱਤਰ ਸ. ਗੁਰਚਰਨ ਸਿੰਘ ਦੇ ਘਰ ਸੀ। ਨਾਮ ਸਿਮਰਨ ਦੀ ਸਮਾਪਤੀ ਤੋਂ ਬਾਅਦ ਬੱਚੀ ਸਿਫਤ ਕੌਰ ਨੇ ਹਾਰਮੋਨੀਅਮ ਅਤੇ ਕਾਕਾ ਗੋਬਿੰਦ ਸਿੰਘ ਨੇ ਤਬਲੇ ਤੇ ਸਾਥ ਦਿੱਤਾ। ਬੱਚਿਆਂ ਨੇ ਸ਼ਬਦ "ਸੋ ਸਤਿਗੁਰ ਪਿਆਰਾ ਮੇਰੇ ਨਾਲਿ ਹੈ॥" ਅਤੇ ਇੱਕ ਸ਼ਬਦ ਰਾਗੀ ਹਰਵਿੰਦਰ ਸਿੰਘ ਤੇ ਸ਼ਾਮ ਸਿੰਘ ਨੇ ਪੜ੍ਹਿਆ। ਭੋਗ ਉਪਰੰਤ ਇੱਥੇ ਹੀ ਰਾਤ ਦਾ ਵਿਸਰਾਮ ਕੀਤਾ।

**8 ਦਸੰਬਰ 2018 ਮੁਤਾਬਿਕ 23 ਮੱਘਰ 2075, ਦਿਨ ਸ਼ਨੀਵਾਰ–** ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਹਰਵਿੰਦਰ ਸਿੰਘ ਤੇ ਸ਼ਾਮ ਸਿੰਘ ਨੇ ਸੂਬਾ ਰਤਨ ਸਿੰਘ ਦੇ

ਘਰ ਮੁਹੱਲਾ ਲਾਲ ਡਿੱਗੀ ਵਿਖੇ ਕੀਤਾ। ਭੋਗ ਉਪਰੰਤ ਇੱਕ ਘਰ ਚਰਨ ਪਾ ਕੇ ਡੇਰੇ ਆਣ ਪ੍ਰਸ਼ਾਦਾ ਛਕਿਆ। ਸੁਲਤਾਨਪੁਰ ਤੋਂ ਸਵੇਰੇ 9:20 ਮਿੰਟ ਤੇ ਚੱਲ ਕੇ 170 ਕਿਲੋਮੀਟਰ ਦਾ ਸਫਰ ਤਹਿ ਕਰਕੇ ਮਿਰਜ਼ਾਪੁਰ ਸ. ਹਰਦਿਆਲ ਸਿੰਘ ਦੇ ਘਰ ਸ੍ਰੀ ਸਤਿਗੁਰੂ ਜੀ ਆਣ ਦਰਸ਼ਨ ਦਿੱਤੇ। ਇੱਥੇ ਹੀ ਛੋਟੀ ਬੱਚੀ ਹਰਨਾਮ ਕੌਰ ਅਤੇ ਕਾਕਾ ਆਸੀਕੰਤ ਸਿੰਘ, ਗੀਤ ਕੌਰ ਨੇ ਢੋਲਕੀ ਵਜਾ ਕੇ "ਕਲਿ ਤਾਰਨ ਗੁਰੂ ਨਾਨਕ ਆਇਆ" ਸ਼ਬਦ ਗਾਇਨ ਕੀਤਾ। ਸ੍ਰੀ ਸਤਿਗੁਰੂ ਜੀ ਨੇ ਪਰਿਵਾਰ ਨੂੰ ਬੇਅੰਤ ਖੁਸ਼ੀਆਂ ਬਖਸ਼ੀਆਂ ਅਤੇ ਵਿਦਾਇਗੀ ਲੈ ਮਿਰਜ਼ਾਪੁਰ ਤੋਂ ਬਨਾਰਸ ਲਈ ਚਾਲੇ ਪਾ ਦਿੱਤੇ।

ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫਲਾ ਵਿਦਵਾਨਾਂ ਦੀ ਧਰਤੀ ਦੇ ਨਾਮ ਨਾਲ ਜਾਣੀ ਜਾਂਦੀ ਗੁਰੂ ਕਾਸ਼ੀ ਬਨਾਰਸ ਤਕਰੀਬਨ ਸ਼ਾਮੀਂ 5:10 ਤੇ ਪਹੁੰਚੇ। ਸ. ਮਨਜੀਤ ਸਿੰਘ ਬਨਾਰਸ ਵਾਲਿਆਂ ਦਾ ਸਮੁੱਚਾ ਪਰਿਵਾਰ ਦੋਨੋਂ ਭਰਾਵਾਂ ਸੰਗ ਆਪਣੇ ਨਿਵਾਸ ਰਾਮ ਕਟੋਰਾ ਮੁਹੱਲਾ ਵਿਖੇ, ਦਿੱਲੀ ਅਤੇ ਸ੍ਰੀ ਭੈਣੀ ਸਾਹਿਬ ਤੋਂ ਪੁਹੰਚੀ ਸੰਗਤ ਨੇ ਜੋਰਦਾਰ ਜੈਕਾਰਿਆਂ ਨਾਲ ਬੜੀ ਗਰਮਜੋਸ਼ੀ ਨਾਲ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਕੀਤਾ ਗਿਆ। ਸੰਤ ਹਰਭਜਨ ਸਿੰਘ ਖੰਡੂਵਾਲੀਏ ਅਤੇ ਉਨ੍ਹਾਂ ਦੇ ਸਪੁੱਤਰ ਯਾਦਵਿੰਦਰ ਸਿੰਘ ਕਥਾਵਾਚਕ ਵੀ ਉਚੇਚੇ ਬਨਾਰਸ ਪਹੁੰਚੇ ਹੋਏ ਸਨ। ਸ੍ਰੀਮਾਨ ਪੰਡਿਤ ਗੋਪਾਲ ਸਿੰਘ ਜੀ ਦੇ ਸਪੁੱਤਰ ਜਗਮੋਹਨ ਸਿੰਘ ਵੀ ਹਾਜ਼ਰ ਸਨ। ਸ਼ਾਮ ਦੇ ਪ੍ਰੋਗਰਾਮ ਮੁਤਾਬਿਕ 6:15 ਤੋਂ 7:15 ਤੱਕ ਇੱਕ ਸੁੰਦਰ ਵੈਂਕਟ ਹਾਲ ਵਿੱਚ ਨਾਮ ਸਿਮਰਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਕੀਤਾ ਗਿਆ। ਸੰਤ ਗੁਰੂਬਚਨ ਸਿੰਘ ਚੰਡੀਗੜ੍ਹ ਵਾਲਿਆ ਨੇ ਕਥਾ ਕੀਤੀ। ਰਾਗੀ ਹਰਵਿੰਦਰ ਸਿੰਘ ਅਤੇ ਸ਼ਾਮ ਸਿੰਘ ਨੇ ਸ਼ਾਮ ਦਾ ਕੀਰਤਨ ਕੀਤਾ। ਸ. ਮਨਜੀਤ ਸਿੰਘ ਦੇ ਘਰ ਡੇਰੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਯਾਦਾਂ ਤਾਜ਼ਾ ਕਰਦਿਆਂ ਹੋਇਆਂ ਨਾਮਧਾਰੀ ਨੌਜਵਾਨ ਪੀੜ੍ਹੀ ਵਿੱਚ ਰਾਗ ਵਿਦਿਆ ਦੀ ਦਾਤ ਕਿਸ-ਕਿਸ ਤਰ੍ਹਾਂ ਬਨਾਰਸ ਦੇ ਸੰਸਾਰ ਪ੍ਰਸਿੱਧ ਵਿਦਵਾਨਾਂ ਕੋਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਕਿਰਪਾ ਕਰਕੇ ਲੈ ਕੇ ਦਿੱਤੀ। ਇਸ ਦੀ ਮਿਸਾਲ ਕਿਧਰੇ ਨਹੀਂ ਮਿਲਦੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਦੇ ਬਚਨ ਕਰਦਿਆਂ ਸਭ ਦੀਆਂ ਅੱਖਾਂ ਨਮ ਸਨ। ਰਾਤ ਜਲ ਪਾਣੀ ਛਕ ਇੱਥੇ ਡੇਰੇ ਹੀ ਵਿਸਰਾਮ ਕੀਤਾ।

**9 ਦਸੰਬਰ 2018 ਮੁਤਾਬਿਕ 24 ਮੱਘਰ 2075, ਦਿਨ ਐਤਵਾਰ–** ਅੱਜ ਦਾ ਦਿਨ ਨਾਮਧਾਰੀ ਇਤਿਹਾਸ ਦਾ ਇੱਕ ਇਤਿਹਾਸਿਕ ਦਿਨ ਸੀ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਹਰਵਿੰਦਰ ਸਿੰਘ ਅਤੇ ਸ਼ਾਮ ਸਿੰਘ ਨੇ ਉਸੇ ਵੈਂਕਟ ਹਾਲ ਵਿੱਚ ਕੀਤਾ। ਵਾਰ ਦੀ ਸਮਾਪਤੀ ਬਾਅਦ ਸ੍ਰੀ ਸਤਿਗੁਰੂ ਜੀ ਸਾਧ ਸੰਗਤ ਨਾਲ ਪੈਦਲ ਹੀ ਵੇਖਣ ਲਈ ਚਾਲੇ ਪਾਏ। ਇਸ ਬਾਰੇ ਤੁਸੀਂ ਮਹਿੰਦਰ ਸਿੰਘ ਕੂਕਾ ਦੀ ਬਨਾਰਸ ਰਿਪੋਰਟ ਵਿੱਚ ਪੜ ਸਕਦੇ ਹੋ। ਅੱਜ ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵ ਵਿਦਿਆਲੇ ਵਿੱਚ ਜਿੱਥੇ ਸ੍ਰੀ ਸਤਿਗੁਰੂ ਰਾਮ ਸਿੰਘ ਚੇਅਰ ਸਥਾਪਿਤ ਹੈ, ਵਿੱਚ ਵਿਸ਼ੇਸ਼ ਸੈਮੀਨਾਰ ਸੀ (ਜਿਸਦੀ ਰੀਪੋਰਟ ਵੱਖਰੇ ਤੌਰ ਤੇ ਤੁਸੀਂ ਪੜ੍ਹੋਗੇ)। ਸੈਮੀਨਾਰ ਯਾਦਗਾਰੀ ਹੋ ਨਿਬੜਿਆ। ਅੱਜ ਸ਼ਾਮ ਨੂੰ ਸੰਗਤਿ ਪ੍ਰੋਗਰਾਮ (ਜਿਸਦੀ ਵਿਸਥਾਰਪੂਰਵਕ ਰੀਪੋਰਟ ਵੀ ਵੱਖਰੀ ਹੋਵੇਗੀ) ਦੇਰ ਰਾਤ ਤੱਕ ਚੱਲਿਆ।

**10 ਦਸੰਬਰ 2018 ਮੁਤਾਬਿਕ 25 ਮੱਘਰ 2075, ਦਿਨ ਸੋਮਵਾਰ–** ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ, ਹਰਵਿੰਦਰ ਸਿੰਘ ਅਤੇ ਸ਼ਾਮ ਸਿੰਘ ਨੇ ਕੀਤਾ। ਅੱਜ ਦੌਰੇ ਦਾ ਆਖਰੀ ਅਤੇ ਸਮਾਪਤੀ ਦਾ ਦਿਨ ਸੀ। ਅੱਜ ਗੰਗਾ ਨਦੀ ਤੇ ਬਣੇ ਘਾਟ ਤੇ ਜਾ ਕੇ ਬੇੜੇ ਤੇ ਸਵਾਰ ਹੋ ਕੇ ਸ੍ਰੀ ਸਤਿਗੁਰੂ ਜੀ ਦੇ ਸੰਗ ਗੰਗਾ ਯਾਤਰਾ ਕੀਤੀ ਗਈ। (ਗੰਗਾ ਯਾਤਰਾ ਦੀ ਵੀ ਤੁਸੀਂ ਵੱਖਰੀ ਰੀਪੋਰਟ ਪੜੋਗੇ)। ਇੱਥੋਂ ਹੀ ਸਾਰੇ ਆਪੋ ਆਪਣੀਆਂ ਗੱਡੀਆਂ ਵਿੱਚ ਸਵਾਰ ਹੋ ਕੇ ਹਵਾਈ ਅੱਡੇ ਲਈ ਰਵਾਨਾ ਹੋਏ ਕਿਉਂਕਿ ਸ੍ਰੀ ਸਤਿਗੁਰੂ ਜੀ ਅਤੇ ਮਾਤਾ ਜੀ ਨੇ ਵੀ ਇੱਥੋਂ ਹੀ ਬੰਗਲੌਰ ਲਈ ਫਲਾਈਟ ਲੈਣੀ ਸੀ।

ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫਲਾ ਸ੍ਰੀ ਸਤਿਗੁਰੂ ਜੀ ਨੂੰ ਹਵਾਈ ਅੱਡੇ ਬਨਾਰਸ ਛੱਡਣ ਤੋਂ ਬਾਅਦ ਆਪਣੀ ਮੰਜ਼ਲ ਵਾਸਤੇ ਸ੍ਰੀ ਭੈਣੀ ਸਾਹਿਬ ਲਈ ਰਵਾਨਾ ਹੋਈਆਂ। ਗੱਡੀਆਂ ਸਿੱਖਾਂ ਅਤੇ ਸੇਵਕਾਂ ਸਹਿਤ ਪ੍ਰਤਾਪਗੜ੍ਹ ਵਾਇਆ ਰਾਇ ਬਰੇਲੀ ਹੁੰਦੇ ਹੋਏ ਰਾਤ ਤਕਰੀਬਨ 9:35 ਤੇ ਲਖਨਊ ਪਹੁੰਚੀ ਸ. ਚਰਨਜੀਤ ਸਿੰਘ ਦੇ ਘਰ ਆਲਮ ਬਾਗ ਲਖਨਊ ਪਹੁੰਚ ਕੇ ਸਾਰਿਆਂ ਨੇ ਵਿਸਰਾਮ ਕੀਤਾ। ਸਵੇਰੇ ਇਸ਼ਨਾਨ ਪਾਣੀ ਕਰਕੇ 11 ਦਸੰਬਰ 2018 ਮੁਤਾਬਿਕ 26 ਮੱਘਰ 2075 ਦਿਨ ਮੰਗਲਵਾਰ ਸਵੇਰੇ 6:20 ਤੇ ਚੱਲ ਕੇ ਲਖਨਊ ਆਗਰਾ ਐਕਸਪ੍ਰੈਸ ਹਾਈਵੇ ਰਾਹੀਂ ਵਾਇਆ ਦਿੱਲੀ ਹੁੰਦੇ ਹੋਏ ਸ਼ਾਮ 5:40 ਤੇ ਸ੍ਰੀ ਭੈਣੀ ਸਾਹਿਬ ਆਣ ਪਧਾਰੇ।

**–ਸੂਬਾ ਬਲਵਿੰਦਰ ਸਿੰਘ ਝੱਲ**

**ਸਤਿਜੁਗ ਆਪ ਪੜ੍ਹੋ ਅਤੇ ਬੱਚਿਆਂ ਨੂੰ ਵੀ ਪੜ੍ਹਾਓ।**

# ਸੰਪੂਰਣਾਨੰਦ ਸੰਸਕ੍ਰਿਤ ਵਿਸ਼ਵ-ਵਿਦਿਆਲਯ, ਵਾਰਾਨਸੀ ਵਿਚ ਸਥਾਪਤ 'ਗੁਰੂ ਰਾਮ ਸਿੰਘ ਪੀਠ' (ਚੇਅਰ) ਵਿਖੇ ਗੋਸ਼ਠੀ (09 ਦਸੰਬਰ 2018 ਐਤਵਾਰ)

ਸੰਸਕ੍ਰਿਤ ਵਿਸ਼ਵ-ਵਿਦਿਆਲੇ ਬਾਰੇ: ਵਾਰਾਨਸੀ ਅੱਥਵਾ ਬਨਾਰਸ ਹਜ਼ਾਰਾਂ ਵਰ੍ਹਿਆਂ ਤੋਂ ਪੁਰਾਤਨ ਭਾਰਤੀ ਭਾਸ਼ਾਵਾਂ- ਸੰਸਕ੍ਰਿਤ, ਬ੍ਰਹਮੀ ਅਤੇ ਪਾਲੀ- ਦਾ ਵਿਸ਼ਵ ਪ੍ਰਸਿੱਧ ਸਿੱਖਿਆ ਕੇਂਦਰ ਰਿਹਾ ਹੈ। ਸਮਰਾਟ ਅਸ਼ੋਕ ਦੇ ਸਮੇਂ ਤਕਸ਼ਿਲਾ, ਨਾਲੰਦਾ ਅਤੇ ਵਾਰਾਣਸੀ ਵਿਸ਼ਵ-ਵਿਖਿਆਤ ਉੱਚ-ਵਿੱਦਿਆ ਦੇ ਕੇਂਦਰ ਸਨ ਜਿੱਥੇ ਵੇਦਾਂ, ਪੁਰਾਣਾਂ, ਉਪਨਿਸ਼ਦਾਂ ਅਤੇ ਬੋਧ ਧਮਪਦ ਗ੍ਰੰਥਾਂ ਦਾ ਅਧਿਐਨ ਅਤੇ ਭਾਰਤੀ ਸੰਸਕ੍ਰਿਤੀ ਦਾ ਗਿਆਨ ਪ੍ਰਾਪਤ ਕਰਨ ਵਾਸਤੇ ਵਿਦੇਸ਼ਾਂ ਤੋਂ ਵੀ ਵਿਦਿਆਰਥੀ ਅਇਆ ਕਰਦੇ ਸਨ। ਅੱਜ ਵੀ ਏਥੇ ਪੁਰਾਤਨ ਪਾਂਡੂ-ਲਿਪੀਆਂ (Manuscripts) ਦਾ ਇਕ ਵੱਡਾ ਭੰਡਾਰ ਇਸ ਵਿਸ਼ਵ-ਵਿਦਿਆਲੇ ਦੇ ਪੁਸਤਕਾਲੇ (library) ਵਿਖੇ ਉਪਲਬਧ ਹੈ। ਜਿੰਨ੍ਹਾਂ ਦਾ ਅਧਿਐਨ ਭਾਰਤੀ ਅਤੇ ਵਿਦੇਸ਼ੀ ਵਿਦਵਾਨ ਅਤੇ ਵਿਦਿਆਰਥੀ ਬੜੀ ਸਜਗਤਾ ਤੇ ਲਗਨ ਨਾਲ ਕਰਦੇ ਹਨ।

ਪੁਰਾਣੀ ਵਾਰਾਨਸੀ ਨਗਰੀ ਦੇ ਵਿਚਕਾਰ ਜਿਹੇ (ਜਗਤਗੰਜ, ਚੌਕਾਘਾਟ ਇਲਾਕੇ ਵਿਚ) 1791 ਈ. ਵਿਚ ਬ੍ਰਿਟਿਸ਼ ਸਰਕਾਰ ਨੇ Queen's Collage ਖੋਲ ਕੇ ਸੰਸਕ੍ਰਿਤ ਤੇ ਪੁਰਾਤਨ ਭਾਰਤੀ ਭਾਸ਼ਾਵਾਂ ਦੇ ਪ੍ਰਚਾਰ ਅਤੇ ਪ੍ਰਸਾਰ ਵਾਸਤੇ ਉੱਦਮ ਕੀਤਾ ਸੀ ਜਿਸਦਾ ਵਰਤਮਾਨ ਸਰੂਪ ਸੰਪੂਰਣਾਨੰਦ ਸੰਸਕ੍ਰਿਤ ਵਿਸ਼ਵ-ਵਿਦਿਆਲੇ ਹੈ। Jonathan Duncan ਨਾਂ ਦੇ ਇਕ ਅੰਗ੍ਰੇਜ ਵਿਦਵਾਨ ਨੇ, ਜਿਸ ਨੂੰ ਸੰਸਕ੍ਰਿਤ ਭਾਸ਼ਾ ਤੇ ਹੋਰ ਪੁਰਾਤਨ ਭਾਸ਼ਾਵਾਂ ਵਿਚ ਕਾਫੀ ਦਿਲਚਸਪੀ ਸੀ, 28ਅਕਤੂਬਰ 1791 ਨੂੰ ਵਾਰਾਨਸੀ ਸੰਸਕ੍ਰਿਤ ਕਾਲਜ ਦੀ ਸਥਾਪਨਾ ਕੀਤੀ ਸੀ। ਸੰਨ 1958 ਵਿਚ ਉੱਤਰ ਪ੍ਰਦੇਸ਼ ਦੇ ਤਦਵਰਤੀ ਮੁੱਖ ਮੰਤਰੀ ਡਾ. ਸੰਪੂਰਣਾਨੰਦ ਨੇ ਇਸ ਕਾਲਜ ਨੂੰ ਸੰਸਕ੍ਰਿਤ ਵਿਸ਼ਵ-ਵਿਦਿਆਲਾ ਬਣਾ ਦਿੱਤਾ ਤੇ ਉਨ੍ਹਾਂ ਦੇ ਦੇਹਾਂਤ ਉਪਰੰਤ ਇਸਦਾ ਨਾਮ ਸਿਮ੍ਰਤੀ ਵਜੋਂ ਸੰਪੂਰਣਾਨੰਦ ਸੰਸਕ੍ਰਿਤ ਵਿਸ਼ਵ- ਵਿਦਿਆਲਾ ਰੱਖ ਦਿੱਤਾ ਗਿਆ।

ਇਸ ਵਿਸ਼ਵ-ਵਿਦਿਆਲੇ ਦੇ ਮੁਖ ਦੁਆਰ ਉੱਤੇ ਵੀ ਇਹੀ ਨਾਂ ਉਕਰਿਆ ਹੋਇਆ ਹੈ। ਪਰਿਸਰ ਦੇ ਅੱਧ ਵਿਚਕਾਰ ਬਣੀ ਇਕ ਬਹੁਤ ਹੀ ਸੁੰਦਰ ਅੰਗ੍ਰੇਜੀ (Gothic style) ਭਵਨ-ਨਿਰਮਾਣ ਕਲਾ ਵਿਚ ਬਣੀ- ਇਮਾਰਤ ਦੂਰੋਂ ਹੀ ਨਜ਼ਰ ਆਉਂਦੀ ਹੈ ਜੋ ਹੁਣ, ਕੁਝ ਖਸਤਾ ਹਾਲਤ ਵਿਚ ਹੋਣ ਕਰਕੇ ਬੰਦ ਪਈ ਹੋਈ ਹੈ ਤੇ ਵਰਤੋਂ ਵਿਚ ਨਹੀਂ। ਇਸ ਦਿਲਕਸ਼ ਭਵਨ ਦਾ ਨਿਰਮਾਣ ਇਕ ਅੰਗ੍ਰੇਜ ਇੰਜੀਨਅਰ-ਆਰਕੀਟੈਕਟ Robert Loibther Esq ਨੇ ਕੀਤਾ ਸੀ ਤੇ ਇਸਨੂੰ ਉਸਦੀ ਸੌਗਾਤ (Gift) ਲਿਖਿਆ ਹੋਇਆ ਹੈ। ਸੱਜੇ ਪਾਸੇ ਸਾਹਮਣੀ ਦੀਵਾਰ ਉੱਪਰ ਲੱਗੀ ਸੰਗਮਰਮਰ ਦੀ ਇਕ ਸਲੇਟ ਉੱਪਰ Queen's Collage ਤੇ ਉਹਦੇ ਹੇਠਾਂ Jonathan Duncan, 1791 ਖੁਦਿਆ ਹੋਇਆ ਹੈ। ਇਹ ਭਵਨ ਚੁਨਾਰ ਤੋਂ ਲਿਆਂਦੇ ਗਏ ਲਾਲ- ਪੱਥਰ ਨੂੰ ਤਰਾਸ਼-ਘੜ ਕੇ ਉਸਾਰਿਆ ਗਿਆ ਸੀ। ਇਸਦੇ ਉੱਪਰੀ ਕਿਨਾਰਿਆਂ ਨੂੰ ਸੰਸਕ੍ਰਿਤ ਤੇ ਹਰਬੀ (Herbren) ਭਾਸ਼ਾਵਾਂ ਦੇ ਸਲੋਕਾਂ ਨਾਲ ਸ਼ਿੰਗਾਰਿਆ ਹੋਇਆ ਸੀ। ਪਰ ਹੁਣ ਅਧਿਕਤਰ ਅੱਖਰ ਭੁਰ ਚੁੱਕੇ ਹਨ। ਇਸ ਭਵਨ ਤੋਂ ਪਹਿਲਾਂ ਖੱਬੇ ਪਾਸੇ ਸਰਸਵਤੀ ਦੇਵੀ ਦਾ ਇਕ ਉੱਚਾ ਮੰਦਰ (ਵਿਚਕਾਰਲੀ ਸੜਕ ਤੋਂ ਪਾਰ) ਸ਼ਤਾਬਦੀ ਭਵਨ ਹੈ ਇਸ ਦੇ ਗੇਟ ਦੇ ਦੋਹੀਂ ਪਾਸੀਂ ਦੋ ਵਿਦਵਾਨਾਂ ਦੇ ਬੁੱਤ (Bust) ਲੱਗੇ ਹੋਏ ਹਨ। ਸੱਜੇ ਪਾਸੇ ਦਾ Bust ਹੈ Dr. D.T.H GRIFFITH ਦਾ ਜੋ 1861 ਤੋਂ 1878 ਤੱਕ ਇਸ ਸੰਸਕ੍ਰਿਤ ਕਾਲਜ ਦੇ ਪ੍ਰਿੰਸੀਪਲ ਰਹੇ। ਖੱਬੇ ਪਾਸੇ ਦਾ Bust ਹੈ Dr. GOPI NATH KAVIRAJ ਦਾ ਜੋ ਸੰਨ 1923 ਤੋਂ 1937 ਤੱਕ ਇਸ ਕਾਲਜ ਦੇ ਪ੍ਰਿੰਸੀਪਲ ਰਹੇ।

**ਗੁਰੂ ਰਾਮ ਸਿੰਘ ਪੀਠ ਬਾਰੇ:** ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਿਛਲੀ ਸਦੀ ਆਖਰੀ ਦਹਾਕੇ ਵਿਚ ਗੁਰਦੇਵ ਸਿੰਘ ਨੂੰ ਏਥੇ ਪੜ੍ਹਨ ਵਾਸਤੇ ਭੇਜਿਆ ਸੀ। ਸਤਿਗੁਰੂ ਜੀ ਦੀ ਇੱਛਾ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਨਾਂ ਤੇ ਇਕ ਚੇਅਰ ਏਥੇ ਸਥਾਪਿਤ ਹੋਣੀ ਚਾਹੀਦੀ ਹੈ। ਸਾਂਝੇ ਯਤਨਾਂ ਸਦਕਾ 15 ਦਸੰਬਰ 1996 ਨੂੰ ਇਹ ਸੁਪਨਾ ਸਾਕਾਰ ਹੋਇਆ ਅਤੇ ਇਸ ਪੀਠ ਦਾ ਉਦਘਾਟਨ ਫਰਵਰੀ 1997 ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਕਰ ਕੰਵਲਾਂ ਦੁਆਰਾ ਕੀਤਾ। ਸੰਤ ਹਰਪਾਲ ਸਿੰਘ ਸੇਵਕ ਉਸ ਸਮੇਂ ਪਾਤਸ਼ਾਹ ਜੀ ਦੇ ਨਾਲ ਸਨ। ਉਹ ਦੱਸਦੇ ਹਨ ਕਿ ਉਸ ਉਦਘਾਟਨੀ ਸਮਾਰੋਹ ਸਮੇਂ ਕੋਈ 200 ਵਿਦਵਾਨਾਂ ਤੇ ਹਿੰਦੂ ਧਰਮ ਧਰਮ ਦੇ ਅਚਾਰੀਆਂ-ਸੁਆਮੀਆਂ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਨੇ ਭਾਰਤੀ ਸੰਸਕ੍ਰਿਤੀ ਤੇ ਧਾਰਮਿਕ-ਵਿਚਾਰ ਧਾਰਾ ਸੰਬੰਧੀ ਗੋਸ਼ਟੀ ਕੀਤੀ ਸੀ ਅਤੇ ਖੁੱਲਾ ਵਿਚਾਰ ਵਟਾਂਦਰਾ ਹੋਇਆ ਸੀ। ਨਵੰਬਰ 2014 ਤੋਂ 2011 ਤੱਕ ਡਾ. ਰੇਨੂ ਦਿਵੇਦੀ 'ਗੁਰੂ ਰਾਮ ਸਿੰਘ ਪੀਠ' ਦੇ ਮੁਖੀ ਰਹੇ ਅਤੇ ਦੁਬਾਰਾ ਸੰਨ 2016 ਤੋਂ ਵੀ ਏਹੀ ਵਿਦੂਸ਼ੀ ਇਸ ਪੀਠ ਦੇ ਦੇਖ ਰੇਖ ਕਰ ਰਹੇ ਹਨ। ਇਹ ਪੀਠ ਜਾਂ ਚੇਅਰ ਇਸ ਵਿਸ਼ਵ-ਵਿਦਿਆਲੇ ਦੀ Department of Comparative Philosophies & Religions ਅਧੀਨ ਚੱਲ ਰਹੀ ਹੈ ਅਤੇ ਇਸ ਵਿਭਾਗ ਦੇ ਵਰਤਮਾਨ ਮੁਖੀ ਹਨ ਪ੍ਰੋਫੈਸਰ ਹਰੀ ਪ੍ਰਸਾਦ ਅਧਿਕਾਰੀ। ਇਸ ਪੀਠ ਨੂੰ ਪੱਕਿਆਂ (Permanant) ਕਰਨ ਦੇ ਯਤਨ ਨਿਰੰਤਰ ਜਾਰੀ ਹਨ।

ਪੀਠ ਦੇ ਮੁਖੀ ਵਜੋਂ ਡਾ. ਰੇਨੂੰ ਦ੍ਵਿਵੇਦੀ 'ਗੁਰੂ ਰਾਮ ਸਿੰਘ ਅਤੇ ਸਿੱਖ ਸਿਧਾਂਤ' ਵਿਸ਼ੇ ਉੱਪਰ ਇਕ ਪੁਸਤਕ ਲਿਖ ਕੇ ਛਪਵਾ ਚੁੱਕੇ ਹਨ ਅੱਜਕਲ ਦੂਸਰੀ ਪੁਸਤਕ ਨੂੰ ਲਿਖਣ ਦਾ ਕੰਮ ਕਰ ਰਹੇ ਹਨ ਜਿਸਦਾ ਵਿਸ਼ਾ ਹੈ- ਸਨਾਤਨ ਧਰਮ ਦੀ ਸਮਤਾਵਾਦੀ ਦ੍ਰਿਸ਼ਟੀ ਇਹ ਪੁਸਤਕ ਪੂਰੀ ਭਾਰਤੀ ਸੰਤ-ਪਰੰਪਰਾ ਉੱਪਰ ਅਧਾਰਿਤ ਹੋਵੇਗੀ (ਸਿੱਖ-ਗੁਰੂ/ ਸੰਤ-ਪਰੰਪਰਾ ਸਮੇਤ) ਡਾ. ਰੇਨੂੰ ਦ੍ਵਿਵੇਦੀ ਦੇ ਦੱਸਣ ਅਨੁਸਾਰ ਉਹ ਹਰ ਸਾਲ ਬਸੰਤ ਪੰਚਮੀ ਦਾ ਤਿਉਹਾਰ (ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼-ਉਤਸਵ) ਮਨਾਉਂਦੇ ਆ ਰਹੇ ਹਨ। ਜਿਸ ਵਿਚ ਬਨਾਰਸ ਦੇ ਨਾਮਧਾਰੀ ਸ. ਮਨਜੀਤ ਸਿੰਘ ਆਪਣੇ ਵੱਡੇ ਭਰਾਤਾ ਅਤੇ ਪਰਿਵਾਰਾਂ ਸਹਿਤ) ਅਤੇ ਹੋਰ ਨੇੜ-ਤੇੜਲੇ ਇਲਾਕਿਆ ਵਿਚ ਵੱਸੇ ਨਾਮਧਾਰੀ ਪਰਿਵਾਰ (ਜਿਵੇਂ ਕਿ ਮਿਰਜ਼ਾਪੁਰ ਤੋਂ ) ਅਤੇ ਸ. ਹਰਵਿੰਦਰ ਸਿੰਘ ਹੰਸਪਾਲ ਤੇ ਤਾਰਾ ਸਿੰਘ ਅਨਜਾਣ ਹੁਰੀਂ ਵੀ ਸ਼ਿਰਕਤ ਕਰਦੇ ਰਹੇ ਹਨ।

**ਅੱਜ ਦੀ ਗੋਸ਼ਠੀ:** ਇਸ ਵਿਸ਼ਵ-ਵਿਦਿਆਲੇ ਦੇ ਅੰਦਰ ਹੀ ਇਕ ਵਿਸ਼ਾਲ 'ਪਾਣਿਨੀ ਭਵਨ' ਹੈ (ਦਰਸ਼ਨ ਵਿਭਾਗ ਦੇ ਅਧੀਨ) ਇਸ ਭਵਨ ਦੇ ਪਰੀਸਦ ਅੰਦਰ ਹੀ ਇਕ ਆਡੀਟੋਰੀਅਮ ਵਿਚ ਅੱਜ ਦੀ ਗੋਸ਼ਠੀ ਆਯੋਜਿਤ ਕੀਤੀ ਗਈ। ਮੰਚ ਦੇ ਪਿੱਛੇ ਗੋਸ਼ਠੀ ਸੰਬੰਧੀ ਬੈਨਰ, ਸੱਜੇ ਪਾਸੇ ਸਤਿਗੁਰੂ ਰਾਮ ਸਿੰਘ ਜੀ ਦੀ ਮਨਮੋਹਕ ਤਸਵੀਰ ਸਮੇਤ ਸਾਰਾ ਮੰਚ ਫੁੱਲਾਂ ਨਾਲ ਸ਼ਿੰਗਾਰਿਆ ਗਿਆ ਸੀ। ਸਵੇਰ ਦੇ 10:45 ਤੱਕ ਇਹ ਵਿਦਵਾਨ ਹਸਤੀਆਂ ਮੰਚ ਤੇ ਆ ਸ਼ੁਸ਼ੋਭਿਤ ਹੋਈਆਂ-ਗੋਸ਼ਠੀ ਦੇ ਅਧਿਅਕਸ਼ ਵਜੋਂ ਇਸ ਵਿਸ਼ਵ-ਵਿਦਿਆਲੇ ਦੇ ਉਪ-ਕੁਲਪਤੀ ਪ੍ਰੋ. ਰਾਜਾ ਰਾਮ ਸ਼ੁਕਤ, ਪ੍ਰੋ. ਹਰਮੋਹਿੰਦਰ ਸਿੰਘ ਬੇਦੀ ਚਾਂਸਲਰ ਕੇਂਦਰੀ ਵਿਸ਼ਵ-ਵਿਦਿਆਲਾ (ਹਿਮਾਚਲ ਪ੍ਰਦੇਸ਼) ਪ੍ਰੋ. ਟੀ. ਐਨ. ਸਿੰਘ ਉਪ ਕੁਲਪਤੀ ਮਹਾਤਮਾ ਗਾਂਧੀ ਕਾਸ਼ੀ ਵਿਦਿਆ ਪੀਠ, ਪ੍ਰੋ. ਵਿਸ਼ਵੰਤਰ ਨਾਥ ਮਿਸ਼ਰ ਅਧਿਅਕਸ਼ ਸੰਕਟ ਮੋਚਨ ਫਾਉਂਡੇਸ਼ਨ, ਵਾਰਾਨਸੀ। ਠੀਕ 11 ਵਜੇਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੀ ਸਟੇਜ ਉੱਪਰ ਆ ਪਧਾਰੇ। ਸਭ ਨੇ ਉੱਠ ਕੇ ਆਪ ਜੀ ਦਾ ਸਵਾਗਤ ਕੀਤਾ। ਉਪਰੰਤ ਸ੍ਰੀ ਸਤਿਗੁਰੂ ਜੀ ਅਤੇ ਵੀ. ਸੀ. ਸਾਹਿਬ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਸਾਹਵੇਂ ਰੱਖੀ ਦੀਪਕ-ਜਯੋਤੀ ਪ੍ਰਜਵਲਿਤ ਕਰਨ ਦੀ ਰਸਮ ਅਦਾ ਕੀਤੀ। ਫਿਰ ਪ੍ਰੋ. ਰਾਜਾ ਰਾਮ ਸ਼ੁਕਲ (ਉਪ-ਕੁਲਪਤੀ) ਨੇ ਸ੍ਰੀ ਸਤਿਗੁਰੂ ਜੀ ਨੂੰ ਦੁਸ਼ਾਲਾ ਅਤੇ ਫੁੱਲ ਮਾਲਾ ਪਹਿਨਾ ਕੇ ਆਪ ਜੀ ਦਾ ਅਭਿਨੰਦਨ ਕੀਤਾ। ਡਾ. ਰੇਨੂੰ ਦ੍ਵਿਵੇਦੀ ਨੇ ਸ੍ਰੀ ਸਤਿਗੁਰੂ ਜੀ ਦੇ ਮਹਿਲ ਮਾਤਾ ਗੁਰਸ਼ਰਨ ਕੌਰ ਜੀ ਨੂੰ ਮਾਲਾ ਪਹਿਨਾ ਕੇ ਉਨ੍ਹਾਂ ਦਾ ਸੁਆਗਤ ਕੀਤਾ।

**ਮੰਚ ਸੰਚਾਲਕ:** ਪੰਡਤ ਯਾਦਵਿੰਦਰ ਸਿੰਘ ਨਾਮਧਾਰੀ (ਜਿੰਨਾਂ ਨੇ ਇਸੇ ਵਿਸ਼ਵ-ਵਿਦਿਆਲੇ ਤੋਂ ਵੇਦਾਂਤ ਦੀ ਵਿਦਿਆ ਪ੍ਰਾਪਤ ਕੀਤੀ) ਨੇ ਮੰਚ ਸੰਚਾਲਕ ਦੀ ਡਿਊਟੀ ਸੰਭਾਲੀ ਤੇ ਕਿਹਾ ਕਿ ਪੂਰੀ ਸਿੱਖ-ਪਰੰਪਰਾ ਸਨਾਤਨ ਪ੍ਰੰਪਰਾ ਨਾਲੋਂ ਭਿੰਨ ਨਹੀਂ ਹੈ। ਪ੍ਰੀਚੈ ਵਾਸਤੇ ਆਪ ਨੇ ਸੰਤ ਹਰਪਾਲ ਸਿੰਘ ਸੇਵਕ ਨੂੰ ਆਮੰਤ੍ਰਿਤ ਕੀਤਾ।

**ਸੰਤ ਹਰਪਾਲ ਸਿੰਘ ਸੇਵਕ:** ਇਨ੍ਹਾਂ ਨੇ ਕਿਹਾ ਕਿ ' ਪ੍ਰਾਣ ਜਾਇ ਪਰ ਵਚਨ ਨ ਜਾਇ' ਦੀ ਗੌਰਵਮਈ ਪਰੰਪਰਾ ਹੈ ਭਾਰਤੀ ਸੰਸਕ੍ਰਿਤੀ ਦੀ ਯੁੱਧ ਦੇ ਮੈਦਾਨ ਵਿੱਚ ਵੀ ਗਿਆਨ ਅਤੇ ਤਿਆਗ ਦਾ ਉਪਦੇਸ਼ ਦਿੱਤਾ ਗਿਆ ਭਗਵਤ ਗੀਤਾ ਵਿੱਚ। ਵੱਖੋ-ਵੱਖ ਪ੍ਰਸਿਥਿਤੀਆਂ ਵਿੱਚ ਗਿਆਨ ਦੇ ਅਰਥ ਕਿੰਨੇ ਵਿਆਪਕ ਹਨ ਜਦੋਂ ਅਰਜਨ ਨੂੰ ਗਿਆਨ ਹੁੰਦਾ ਹੈ ਤਾਂ ਉਹ ਸੁੱਟੇ ਹੋਏ ਹਥਿਆਰ ਚੁੱਕ ਕੇ ਧਰਮ ਯੁੱਧ ਕਰਦਾ ਹੈ। ਪਰ ਜਦੋਂ ਅਸ਼ੋਕ ਨੂੰ ਗਿਆਨ ਹੁੰਦਾ ਹੈ ਤਾਂ ਉਹ ਚੁੱਕੇ ਹੋਏ ਹਥਿਆਰ ਸੁੱਟ ਦੇਂਦਾ ਹੈ। ਇਨ੍ਹਾਂ ਨੇ ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ 'ਚੋਂ 'ਗੁਰੂ ਤੇਗ ਬਹਾਦਰ ਜੀ ਬਾਰੇ' ਤੇਗਾਂ ਵਾਲੀ 'ਮੈਂ ਹਾਂ ਤੇਗ ਤੇ ਪਰਖ ਲਈ ਤੇਗ ਤੂੰ ਵੀ' ਕਵਿਤਾ ਸੁਣਾ ਕੇ ਸਾਰੇ ਸਰੋਤਿਆਂ ਦਾ ਮਨ ਮੋਹ ਲਿਆ।

ਆਪਨੇ ਦੱਸਿਆ ਕਿ ਔਰੰਗਜ਼ੇਬ ਦੋ ਤੋਂ ਇਕ (ਕੇਵਲ ਇਸਲਾਮ)ਧਰਮ ਨੂੰ ਹੀ ਸਥਾਪਤ ਕਰਨ ਵਾਸਤੇ ਹਿੰਦੂ ਪਰਜਾ ਉਪਰ ਜ਼ਬਰ-ਜ਼ੁਲਮ ਕਰਕੇ ਉਹਨਾਂ ਨੂੰ ਜਬਰਦਸਤੀ ਮੁਸਲਮਾਨ ਬਣਾ ਰਿਹਾ ਸੀ। ਉਸਦੀ ਕਠੋਰਤਾ ਤੇ ਕੱਟੜਤਾ ਵਿਰੁਧ ਗੁਰੂ ਗੋਬਿੰਦ ਸਿੰਘ ਜੀ ਮਰਦ-ਅਗੰਮੜਾ ਬਣ ਕੇ ਮੈਦਾਨ ਵਿਚ ਨਿੱਤਰੇ ਤੇ ਇਕ ਹੋਰ ਨਵਾਂ ਤੇ ਤੀਸਰਾ 'ਪੰਥ-ਖਾਲਸਾ' ਖੜਾ ਕਰਕੇ ਔਰੰਗਜ਼ੇਬ ਤੇ ਉਹਦੇ ਹਿਮਾਇਤੀ ਨਵਾਬਾਂ-ਰਾਜਿਆਂ-ਰਜਵਾੜਿਆਂ ਦੀਆਂ ਲੱਖਾਂ ਫੌਜਾਂ ਨਾਲ ਡੱਟ ਕੇ ਲੜੇ। ਸਤਿਗੁਰੂ ਜੀ ਵੱਲੋਂ ਘੱਲਿਆ ਗਿਆ ਫਾਰਸੀ 'ਚ ਲਿਖਿਆ ਜ਼ਫਰਨਮਾਹ ਪੜ,ਸੁਣ ਕੇ ਉਹਦੀ ਅਕਲ ਟਿਕਾਣੇ ਆਈ, ਪਛਤਾਇਆ ਵੀ ਆਪਣੇ ਕੀਤੇ ਹੋਏ ਕੁਕਰਮਾਂ ਤੇ, ਪਰ ਜਲਦੀ ਹੀ ਮਰ ਗਿਆ। ਉਸ ਮਗਰੋਂ ਮੁਗ਼ਲ ਸਲਤਨਤ ਦੀ ਗਿਰਾਵਟ ਤੇ ਖਾਲਸੇ ਦੀ ਚੜ੍ਹਤ ਆਰੰਭ ਹੋਈ। ਬੰਦਾ ਬਹਾਦਰ ਨੇ ਪੰਜਾਬ ਵਿਚ ਮੁਗਲਾਂ ਦੀਆਂ ਜੜਾਂ ਹਿਲਾ ਦਿੱਤੀਆਂ। ਅਹਿਮਦ ਸ਼ਾਹ ਅਬਦਾਲੀ ਵਰਗੇ ਅਫਗਾਨੀ ਹਮਲਾਵਰਾਂ ਨੇ ਸਿਖਾਂ ਦਾ ਖੁਰਾ-ਖੋਜ ਮਿਟਾਉਣ ਲਈ ਕੋਈ ਕਸਰ ਨਾ ਛੱਡੀ ਪਰ ਅੰਤ 1799 ਈ: ਵਿਚ ਲਾਹੌਰ ਵਿਚ ਫਤਹ ਦੇ ਝੰਡੇ ਗੱਡ ਕੇ ਸਿੱਖਾ ਨੇ ਵਿਸ਼ਾਲ ਖਾਲਸਾ ਰਾਜ (ਅਟਕ ਤੋਂ ਯਮੁਨਾ ਦਰਿਆ ਤੱਕ) ਕਾਇਮ ਕਰ ਲਿਆ। ਚਾਲੀ ਕੁ ਸਾਲ ਅੱਛਾ ਰਾਜ ਕਰਕੇ ਸਿੱਖ ਆਪਣੇ ਆਚਰਣ ਤੋਂ ਪਤਿਤ ਹੋਣੇ ਸ਼ੁਰੂ ਹੋ ਗਏ ਤੇ 1849 ਵਿਚ ਅੰਗ੍ਰੇਜਾਂ ਨੇ ਪੰਜਾਬ ਨੂੰ ਵੀ ਪੂਰੀ ਤਰ੍ਹਾਂ ਹੜੱਪ ਲਿਆ। ਫਿਰ ਸਤਿਗੁਰੂ ਰਾਮ ਸਿੰਘ ਜੀ ਉੱਸੇ ਸਿੱਖੀ ਨੂੰ ਪੁਨਰ ਸੁਰਜੀਤ ਕੀਤਾ ਤੇ ਫਿਰੰਗੀ ਸਰਕਾਰ ਵਿਰੁੱਧ ਬਗ਼ਾਵਤ ਦਾ ਬਿਗੁਲ ਵਜਾ ਦਿੱਤਾ। (ਸੰਨ 1857 ਦੀ ਵਿਸਾਖੀ ਨੂੰ) ਭਾਰਤ ਦੇਸ਼ ਦੀ ਆਰਥਿਕਤਾ ਖੇਤੀ ਆਧਾਰਿਤ ਸੀ ਤੇ ਅਜੇ ਵੀ ਹੈ ਜਿਸ ਵਾਸਤੇ ਗਊਆਂ ਤੇ ਬੈਲਾਂ ਦੀ ਸੁਰੱਖਿਆ ਅਤਿ ਲੁੜਿੰਦੀ ਹੈ। ਅੰਗ੍ਰੇਜ਼ਾਂ ਨੇ ਮੁਸਲਿਮਾਂ ਤੇ ਹਿੰਦੂ-ਸਿੱਖਾਂ ਵਿਚਾਲੇ ਮੌਜੂਦ ਸਹਿਹੋਂਦ ਨੂੰ ਖਤਮ ਕਰਨ ਵਾਸਤੇ ਪਾੜੋ ਤੇ ਰਾਜ ਕਰੋ ਦੀ ਨੀਤੀ ਅਧੀਨ ਗਊ-ਬੱਧ ਵਾਸਤੇ ਬੁੱਚੜਖਾਨੇ ਖੋਲ ਧਰੇ। ਨਾਮਧਾਰੀਆਂ ਨੇ ਇਸ ਅੰਗ੍ਰੇਜ਼-

ਨੀਤੀ ਨੂੰ ਚੈਲੇਂਜ਼ ਕੀਤਾ ਅਤੇ ਬ੍ਰਿਟਿਸ਼ ਸਰਕਾਰ ਦਾ ਬਾਈਕਾਟ ਤੇ ਅਸਹਿਯੋਗ ਅੰਦੋਲਨ ਰਾਹੀਂ ਆਪਣਾ ਸੁਤੰਤਰਤਾ ਸੰਗਰਾਮ ਜ਼ਾਰੀ ਰੱਖਿਆ। ਸਤਿਗੁਰੂ ਰਾਮ ਸਿੰਘ ਜੀ ਨੇ ਨਿੱਘਰ ਚੁਕੇ ਸਮਾਜ ਵਿਚ ਸੁਧਾਰ ਕੀਤੇ। ਔਰਤ ਦੀ ਦਸ਼ਾ ਨੂੰ ਸੁਧਾਰਿਆ, ਆਦਮੀਆਂ ਸੰਗ ਬਰਾਬਰੀ ਦਾ ਦਰਜਾ ਦਿੱਤਾ। ਸਾਦੀਆਂ ਰਸਮਾਂ, ਵਿਦਿਆ, ਗੁਰਬਾਣੀ ਪਰਚਾਰ ਤੇ ਉੱਚੇ-ਸੁੱਚੇ ਮਨੁੱਖੀ ਆਚਰਣ ਨੂੰ ਮੁੜ ਕਾਇਮ ਕੀਤਾ। ਸਾਹਸਤ ਹੀਣ ਹੋ ਚੁੱਕੀ ਭਾਰਤੀ ਸੰਸਕ੍ਰਿਤੀ, ਆਪਸੀ ਭਾਈਚਾਰੇ ਤੇ ਮਹਾਨ ਮਨੁੱਖੀ ਕਦਰਾਂ-ਕੀਮਤਾਂ ਨੂੰ ਨਵੇਂ ਸਿਰਿਓਂ ਕਾਇਮ ਕੀਤਾ। ਸਤਿਗੁਰੂ ਰਾਮ ਸਿੰਘ ਜੀ ਤੋਂ ਪਿਛੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨਭਾਰਤੀ ਸੁਤੰਤਰਤਾ ਸੰਗਰਾਮ ਦੀ ਹਰ ਪ੍ਰਕਾਰ ਦੀ ਮੂਵਮੈਂਟਾਂ (ਲਹਿਰਾਂ) ਨੂੰ ਆਪਣਾ ਪੂਰਾ ਸਹਿਯੋਗ ਦਿੱਤਾ ਤੇ ਭਾਰਤ ਨੂੰ ਸੁਤੰਤਰ ਕਰਵਾਇਆ। ਅਸੀਂ ਨਾਮਧਾਰੀ ਸਿੱਖ ਸਨਾਤਨੀ ਮਰਿਆਦਾ ਦੇ ਧਾਰਨੀ ਹਾਂ। ਸ਼ੁੱਧ ਸ਼ਾਕਾਹਾਰੀ ਭੋਜਨ, ਸਾਦਾ ਸਵੱਛ ਜੀਵਨ, ਸਦਾਚਾਰ ਤੇ ਸਭ ਦਾ ਭਲਾ ਚਾਹੁਣ ਤੇ ਕਰਨ ਵਾਲੇ ਕਿਰਦਾਰ ਦੇ ਮਾਲਿਕ ਹਾਂ। ਸਾਡੇ ਸਤਿਗੁਰੂ ਸਾਹਿਬਾਨ ਨੇ ਸਾਨੂੰ ਸਦਾ ਚੜ੍ਹਦੀ ਕਲਾ ਦਾ ਜੀਵਨ ਜੀਉਣਾ ਸਿਖਾਇਆ ਹੈ। ਅਸੀਂ ਆਪਣੇ ਹੱਕ ਦੇ ਨਾਲ-ਨਾਲ ਦੂਸਰਿਆਂ ਦੇ ਹੱਕ-ਸੱਚ ਦੀ ਵੀ ਰਾਖੀ ਕਰਦੇ ਹਾਂ। ਗੁਰਸਿੱਖੀ ਦਰਸ਼ਨ, ਪੁਰਾਤਨ ਭਾਰਤੀ ਸੰਸਕ੍ਰਿਤੀ, ਸ਼ਾਸਤਰੀ ਤੇ ਗੁਰਮਤਿ ਸੰਗੀਤ ਸਾਡੇ ਭੂਸ਼ਣ ਹਨ। ਅਸੀਂ ਹਵਨ ਵੀ ਕਰਦੇ ਹਾਂ, ਚੰਡੀ ਦੀ ਵਾਰ ਤੇ ਉਗ੍ਰਦੰਤੀ ਦਾ ਪਾਠ ਵੀ ਕਰਦੇ ਹਾਂ ਜੋ ਸਨਾਤਨੀ ਰੀਤ ਹੈ। ਸੰਤ ਹਰਪਾਲ ਸਿੰਘ ਜੀ ਦੇ ਪ੍ਰਭਾਵਸ਼ਾਲੀ ਭਾਸ਼ਣ ਉਪਰੰਤ ਮੰਚ-ਸੰਚਾਲਕ ਪੰਡਿਤ ਯਾਦਵਿੰਦਰ ਸਿੰਘ ਨੇ ਕਿਹਾ ਕਿ ਹਿੰਦੂ ਤੇ ਸਿੱਖ ਧਰਮ ਇੱਕ ਦੂਸਰੇ ਤੋਂ ਭਿੰਨ ਨਹੀਂ, ਇਕ ਦੂਸਰੇ ਦੇ ਬਹੁਤ ਨੇੜੇ ਹਨ। ਨਾਮਧਾਰੀ ਸਿੱਖ ਭਾਰਤੀ ਸੰਸਕ੍ਰਿਤੀ ਦੇ ਬੀਜ ਮਾਤਰ ਹਨ। ਸਤਿਗੁਰੂਆਂ ਨੇ ਸਾਨੂੰ ਗੁਰਬਾਣੀ ਸਾਡੀ ਮਾਤ ਭਾਸ਼ਾ ਗੁਰਮੁਖੀ ਅਥਵਾ ਪੰਜਾਬੀ ਵਿਚ ਦਿੱਤੀ। 'ਮਨ ਤੂੰ ਜੋਤਿ ਸਰੂਪੁ ਹੈ, ਆਪਣਾ ਮੂਲੁ ਪਛਾਣੁ' ਦੇ ਗੁਰਬਾਣੀ ਸਿਧਾਂਤ ਅਨੁਸਾਰ ਮਨੁੱਖ ਬ੍ਰਹਮ ਸਰੂਪ ਹੈ। ਭਾਰਤੀ ਸੰਸਕ੍ਰਿਤੀ ਦੇ ਭਾਵ ਸਿੱਖ ਧਰਮ ਵਿਚ ਮੌਜੂਦ ਹਨ। ਇਹ ਕਹਿ ਕੇ ਮੰਚ ਸੰਚਾਲਕ ਨੇ ਅਗਲੇ ਵਕਤਾ ਸੰਤ ਗੁਰਬਚਨ ਸਿੰਘ ਜੀ ਨੂੰ ਮੰਚ ਉੱਪਰ ਆਮੰਤ੍ਰਿਤ ਕੀਤਾ।

**ਸੰਤ ਗੁਰਬਚਨ ਸਿੰਘ ਜੀ :-** ਨਾਮਧਾਰੀ ਪੰਥ ਦੇ ਇਸ ਸੁੱਘੜ-ਸਿਆਣੇ ਵਿਦਵਾਨ ਨੇ ਸਰਵ-ਪ੍ਰਥਮ ਇਸ ਸੰਸਕ੍ਰਿਤ ਸ਼ਲੋਕ ਦਾ ਉਚਾਰਣ ਕੀਤਾ:-

"ਗੁਰੂ ਬ੍ਰਹਮਾ ਗੁਰੂ ਵਿਸ਼ਨੂੰ ਗੁਰੂ ਦੇਵੋ ਮਹੇਸ਼ਵਰਾ......."

ਆਪਨੇ ਕਿਹਾ - ਸਤਿਗੁਰੂ 'ਧਰਮ ਗੁਰੂ' ਦਾ ਪ੍ਰਇਆਈ ਹੈ। ਧਰਮ ਦਾ ਅਰਥ ਹੈ ਧਾਰਨ ਕਰਨਾ ਤੇ ਸੱਚਾਈ ਦਾ ਸੰਰਕਸ਼ਣ ਕਰਨਾ। ਅਸੀ ਸਹੀ ਅਰਥਾਂ ਵਿਚ ਧਰਮ ਨੂੰ ਸਨਾਤਨ ਅਥਵਾ ਸਦੀਵੀ ਮੰਨਿਆ ਹੈ। ਮਹਾਰਾਜਾ ਰਣਜੀਤ ਸਿੰਘ ਦੀ ਵਿਧਵਾ ਰਾਣੀ 'ਮਹਾਰਾਣੀ ਜਿੰਦਾਂ' ਬੜੀ ਮੁਸ਼ਕਿਲਾਂ ਤੇ ਕਠਿਨਾਈਆਂ ਦਾ ਸਾਹਮਣਾ ਕਰਦੀ ਹੋਈ ਬੜੀ ਬਹਾਦੁਰੀ ਨਾਲ ਚੁਨਾਰ ਦੇ ਕਿਲੇ 'ਚੋਂ ਨਿਕਲ ਕੇ ਨੇਪਾਲ ਦੇ ਰਾਣੇ ਪਾਸ ਪਹੁੰਚੀ। ਉਸਨੂੰ ਪਤਾ ਸੀ ਕਿ ਪੰਜਾਬ ਅੰਦਰ ਅਜੇ ਵੀ ਗੈਰਤ ਤੇ ਸ੍ਵੈਮਾਣ ਦੀ ਮੂਰਤ ਸਤਿਗੁਰੂ ਰਾਮ ਸਿੰਘ ਜੀ ਤੇ ਉਹਦੇ ਸਿੱਖਾਂ ਵਿਚ ਮੌਜੂਦ ਹੈ ਕਿਉਂਕਿ ਕੇਵਲ ਉਹੀ ਸਨ ਜਿਨ੍ਹਾਂ ਨੇ ਅੰਗ੍ਰੇਜਾਂ ਦੀ ਸਮਰਾਜੀ ਤਾਕਤ ਨੂੰ ਹਿਲਾ ਕੇ ਰੱਖ ਦਿੱਤਾ ਸੀ। ਗੁਰੂ ਰਾਮ ਸਿੰਘ ਜੀ ਸਾਧਾਰਣ-ਗਰੀਬ-ਕਿਰਤੀ ਪਰਿਵਾਰ 'ਚ ਜਨਮ ਲੈ ਕੇ ਅਸਾਧਾਰਣ ਪ੍ਰਤਿਭਾ ਦੇ ਮਾਲਿਕ ਬਣ ਕੇ ਭਾਰਤ ਦੇ ਇਤਿਹਾਸ ਵਿਚ ਉਭਰੇ ਤੇ ਭਾਰੀ ਵਿਰੋਧ ਦੇ ਬਾਵਜੂਦ ਭਾਰਤੀ ਸੁਤੰਤਰਤਾ ਸੰਗ੍ਰਾਮ ਦੇ ਮੋਹਰੀ ਬਣੇ। ਉਹ ਆਜ਼ਾਦੀ ਦੀ ਮਸ਼ਾਲ ਤੇ ਸੁਤੰਤਰਤਾ ਸੰਗਰਾਮ ਬਣ ਕੇ ਮੈਦਾਨ ਵਿਚ ਨਿੱਤਰੇ ਤੇ ਅੰਗਰੇਜ਼ੀ ਸਰਕਾਰ ਦੀਆਂ ਭਾਰਤ ਵਿਰੋਧੀ ਨੀਤੀਆਂ ਦਾ ਡੱਟ ਕੇ ਵਿਰੋਧ ਕੀਤਾ। ਉਹਨਾਂ ਨੇ ਅੰਗਰੇਜ਼ੀ ਵਸਤੂਆਂ ਤੇ ਸਰਕਾਰੀ ਸਹੂਲਤਾਂ ਦਾ ਵਹਿਸ਼ਕਾਰ ਕੀਤਾ ਤੇ ਅੰਗਰੇਜ਼ਾਂ ਦੀ ਵਪਾਰਿਕ ਨੀਤੀ ਨੂੰ ਵੱਡੀ ਢਾਹ ਲਾਈ। ਉਹਨਾਂ ਨੇ ਭਾਰਤੀ ਵਿਦੇਸ਼ੀ ਗੁਲਾਮੀ ਦਾ ਵੀ ਵਹਿਸ਼ਕਾਰ ਕੀਤਾ। ਸਰਕਾਰੀ ਵਿੱਦਿਅਕ ਅਦਾਰਿਆਂ, ਅਦਾਲਤਾਂ, ਰੇਲਾਂ ਸੜਕਾਂ, ਡਾਕ-ਤਾਰ ਤੇ ਨਹਿਰਾਂ ਤੱਕ ਦਾ ਬਾਈਕਾਟ ਕੀਤਾ ਤੇ ਨਾ-ਮਿਲਵਰਤਨ ਦੀ ਕਾਮਯਾਬ ਮੁਹਿੰਮ ਚਲਾਈ। ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਲਾਏ ਗਏ ਅੰਗ੍ਰੇਜ਼ਾਂ ਦੇ ਸੰਪੂਰਨ ਬਾਈਕਾਟ ਵਾਲੇ ਤੇ ਸਵਦੇਸ਼ੀ ਲਹਿਰ ਦੇ ਅੰਦੋਲਨ ਦਾ ਅਰਥ ਬਹੁਤ ਹੀ ਵਿਆਪਕ ਹੈ। ਉਹਨਾਂ ਦੇ ਇਸ ਰਾਹ ਨੂੰ ਹੀ ਅਪਣਾ ਕੇ ਕਈ ਹੋਰ ਮੁਲਕਾਂ ਨੇ ਆਜ਼ਾਦੀ ਪ੍ਰਾਪਤ ਕੀਤੀ।

**ਸ. ਸੁਰਜੀਤ ਸਿੰਘ ਜੋਬਨ-** ਹਿੰਦੀ ਭਾਸ਼ਾ ਦੇ ਇਸ ਵਿਦਵਾਨ ਵਕਤਾ ਦੇ ਕਥਨ ਅਨੁਸਾਰ ਪੂਰੇ ਵਿਸ਼ਵ ਦੇ ਇਤਿਹਾਸ ਵਿੱਚ ਸਤਿਗੁਰੂ ਰਾਮ ਸਿੰਘ ਵਰਗੀ ਵਿਆਪਕ ਦ੍ਰਿਸ਼ਟੀ ਰੱਖਣ ਵਾਲਾ ਨਾ ਸਮਾਜ-ਸੁਧਾਰਕ, ਨਾ ਮਹਾਂ-ਨਾਇਕ, ਨਾ ਸੁਤੰਤਰਤਾ-ਸੰਗ੍ਰਾਮੀ ਕੋਈ ਹੋਇਆ ਹੈ।ਸੰਸਾਰ ਅੰਦਰ ਕ੍ਰਾਂਤੀਆਂ ਦਾ ਸੂਤਰਪਾਤ ਕੇਵਲ ਸਾਧਾਰਣ ਵਿਅਕਤੀ ਹੀ ਕਰਦੇ ਆਏ ਹਨ। ਨਾ ਕਿ ਰਾਜੇ-ਮਹਾਰਾਜੇ ਕਿਉਂਕਿ ਰਈਸ ਲੋਕਾਂ ਦਾ ਕੋਈ ਆਚਰਣ ਨਹੀਂ ਹੁੰਦਾ, ਨ ਵਿਹਾਰ ਤੇ ਨਾ ਹੀ ਵਿਵਹਾਰ। ਸਾਧਾਰਣ ਘਰ ਚੋਂ ਨਿਕਲੇ ਸਤਿਗੁਰੂ ਰਾਮ ਸਿੰਘ ਜੀ ਨੇ ਸੂਰਜ ਦੀ ਤਰ੍ਹਾਂ ਹਰ ਧਰਾਤਲ ਤੇ ਬਹੁ-ਪੱਖੀ ਪ੍ਰਤਿਭਾ ਦਾ ਪਰੀਚਯ ਦਿੱਤਾ। ਮਾਤਾ-ਭਾਸ਼ਾ ਸਾਨੂੰ ਆਪਣੀ ਸੰਸਕ੍ਰਿਤੀ ਨਾਲ ਜੋੜਦੀ ਹੈ। ਆਪਜੀ ਨੇ ਪੰਜਾਬੀ ਭਾਸ਼ਾ ਦਾ ਪ੍ਰਚਾਰ-ਪ੍ਰਸਾਰ ਕੀਤਾ। ਇਸਤ੍ਰੀਆਂ ਦੀ ਸਮਾਜਕ ਦਸ਼ਾ ਸੁਧਾਰਨ ਦੇ ਅਣਥੱਕ ਯਤਨ ਕੀਤੇ। ਔਰਤਾਂ ਨੂੰ ਵੇਚਣ, ਵੱਟਾ ਕਰਨ ਤੇ ਬਾਲ-ਵਿਵਾਹ ਉਪਰ ਪੂਰੀ ਪਾਬੰਦੀ ਲਗਾਈ। ਉਨਾਂ ਨੂੰ ਸਿਖਸ਼ਿਤ ਕੀਤਾ। ਵਿਧਵਾ-ਵਿਆਹ ਦੀ ਆਗਿਆ ਦਿੱਤੀ। ਵਿਆਹ-ਸ਼ਾਦੀ ਕਰਨ ਦੀ ਅਤਿ ਸਾਦਾ ਤੇ ਗੈਰ-ਖਰਚੀਲੀ ਰੀਤ ਤੋਰੀ। ਅੰਗਰੇਜ਼ਾਂ ਨੇ ਜੋ ਰੇਲਾਂ-ਸੜਕਾਂ-ਨਹਿਰਾਂ ਦਾ ਜਾਲ ਵਿਛਾਇਆ ਸੀ ਉਹ ਉਨ੍ਹਾਂ ਨੇ ਆਪਣੇ ਮੁਫਾਦ

ਲਈ, ਆਪਣੀ ਤਿਜਾਰਤ ਦੀ ਤਰੱਕੀ ਵਾਸਤੇ ਕੀਤਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਅੰਗ੍ਰੇਜ਼ਾਂ ਦੀ ਬਣਾਈ ਹਰ ਸ਼ੈ ਤੇ ਸਹੂਲਤ ਦਾ ਮੁਕੰਮਲ ਬਾਈਕਾਟ ਕੀਤਾ ਅਤੇ ਅਸਹਿਯੋਗ ਅੰਦੋਲਨ ਬੜੀ ਸਫਲਤਾ ਨਾਲ ਚਲਾਇਆ।

**ਡਾ. ਹਰਮੋਹਿੰਦਰ ਸਿੰਘ ਬੇਦੀ–** ਹਿੰਦੀ ਭਾਸ਼ਾ ਦੇ ਮੰਨੇ-ਪਰਮੰਨੇ ਵਿਦਵਾਨ ਤੇ ਵਿਦਿਆ-ਸ਼ਾਸਤਰੀ ਜੀ ਦੇ ਕਥਨ ਦਾ ਸਾਰ ਇਹ ਸੀ: ਸਨਾਤਨ ਧਰਮ ਦਾ ਆਦਿ ਸਰੂਪ ਪੰਜਾਬ ਦੀ ਪੁਰਾਤਨ ਧਰਤੀ ਹੈ। ਰਿਗਵੇਦ ਪੰਜਾਬ ਅੰਦਰ ਰਚਿਆ ਗਿਆ। ਸਪਤ-ਸਿੰਧੂ (ਸੱਤ ਨਦੀਆਂ ਦਾ ਪ੍ਰਦੇਸ਼) ਪ੍ਰਾਚੀਂ ਪੰਜਾਬ ਸੀ। ਪਾਨਿਨੀ ਸੰਸਕ੍ਰਿਤ ਦਾ ਪ੍ਰਸਿੱਧ ਆਚਾਰੀਆ ਸੀ। ਉਸਨੇ ਵਿਆਕਰਣ ਦੀ ਪੁਸਤਕ 'ਅਸ਼ਟਾਧਯਾਯੀ' ਲਿਖੀ (ਇਸੇ ਪੁਸਤਕ ਦੇ ਆਧਾਰ ਤੇ, 'ਮਹਾਨ ਕੋਸ਼' ਅਨੁਸਾਰ, 'ਲਘੂ ਸਿਧਾਂਤ ਕੌਮੁਦੀ' ਤੇ 'ਸਿਧਾਂਤ ਕੌਮੁਦੀ' ਵਿਚ ਆਇਆਂ)। ਇਹ ਪਾਨਿਨੀ ਪੇਸ਼ਾਵਰ ਦੇ ਪਾਸ ਸਲਾਤ (ਸ਼ਲਾਤੁਰੀ) ਪਿੰਡ ਵਿਚ ਜਨਮਿਆ ਸੀ। ਇਹ ਵਿਦਵਾਨ BC 400 ਤੋਂ 300 ਦੇ ਵਿਚਕਾਰ ਹੋਇਆ ਮੰਨਿਆ ਗਿਆ ਹੈ। (ਮਹਾਨ ਕੋਸ਼ ਦੇ ਕਰਤਾ ਅਨੁਸਾਰ ਪਾਨਿਨੀ ਲਿਖਿਤ ਵਿਆਕਰਣ ਦੀ ਪੋਥੀ ਵਿਚ 3996 ਸੂਤਰ ਦਿੱਤੇ ਗਏ ਹਨ ਤੇ ਇਹ ਸਾਰੇ ਵਿਆਕਰਣ ਗ੍ਰੰਥਾਂ ਤੋਂ ਉੱਤਮ ਹੈ)। ਗੀਤਾ ਪੰਜਾਬ ਵਿਚਲੇ ਕੁਰੂਕਸ਼ੇਤਰ ਦੀ ਫ਼ਿਜ਼ਾ ਵਿਚ ਗੂੰਜੀ। ਸੰਸਕ੍ਰਿਤ ਦੇ ਮੁੱਖ ਗ੍ਰੰਥ ਪੰਜਾਬ ਵਿਚ ਲਿਖੇ ਗਏ। ਦੱਖਣ ਏਸ਼ੀਆ ਦੇ ਵਿਦਵਾਨਾਂ ਨੂੰ ਰਿਗਵੇਦ ਪੰਜਾਬ ਨੇ ਦਿੱਤਾ। ਆਦਿ ਰਾਮਾਇਣ, ਬਾਲਮੀਕੀ ਰਮਾਇਣ, ਸ੍ਰੀ ਮਦ ਭਗਵਤ ਗੀਤਾ ਪੰਜਾਬ ਦੀ ਧਰਤੀ ਦੀ ਦੇਣ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 19 ਭਗਤਾਂ ਦੀ ਬਾਣੀ ਹੈ ਜਿਨ੍ਹਾਂ ਵਿਚ ਸਭ ਤੋਂ ਪੁਰਾਣਾ ਭਗਤ ਦਸਵੀਂ ਸਦੀ ਵਿਚ ਹੋਇਆ ਬੰਗਾਲ ਦਾ ਭਗਤ ਜੈ ਦੇਵ ਹੈ (ਜਿਸਨੇ ਗੀਤ ਗੋਬਿੰਦ ਵੀ ਰਚੀ) ਤੇ ਉਹਨਾਂ ਦੋ ਪਦੇ ਗੁਰਬਾਣੀ ਵਿਚ ਸ਼ਾਮਿਲ ਕੀਤੇ ਗਏ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਭਾਰਤੀ ਭਾਸ਼ਾਵਾਂ ਦਾ ਆਪਸੀ ਸੰਵਾਦ ਰਚਾਇਆ। ਸਮਰਾਟ ਚੰਦਰਗੁਪਤ ਮੌਰੀਆ ਬਿੰਦੂਸਾਰ ਤੇ ਅਸ਼ੋਕ ਦਾ ਰਾਜਨੀਤਕ ਗੁਰੂ 'ਚਾਣਕਯ' ਪੰਜਾਬ ਦੀ ਧਰਤੀ ਤੇ ਜਨਮਿਆ ਸੀ- ਰਾਵਲਪਿੰਡੀ ਜ਼ਿਲੇ ਵਿਚ ਪੈਂਦੇ ਤਕਸ਼ਿਲਾ ਨਗਰ ਵਿਚ। ਚਾਣਕਯ ਨੇ 'ਅਰਥ ਸ਼ਾਸਤਰ ਤੇ ਕੌਟਲਿਯ ਸ਼ਾਸਤਰ ਗ੍ਰੰਥ ਵੀ ਭਾਰਤ ਅਤੇ ਸੰਸਾਰ ਨੂੰ ਦਿੱਤੇ। ਸਤਿਗੁਰੂ ਰਾਮ ਸਿੰਘ ਜੀ ਭਾਰਤੀ ਸੰਸਕ੍ਰਿਤੀ, ਮਾਨਵਤਾ, ਆਪਸੀ ਭਾਈਚਾਰੇ, ਭਾਸ਼ਾਈ ਏਕਤਾ ਤੇ ਸਹਿਹੋਂਦ ਦੇ ਵੱਡੇ ਮੁੱਦਈ ਸਨ। ਇਸ ਦ੍ਰਿਸ਼ਟੀ ਦਾ ਵਿਕਾਸ ਸਾਨੂੰ ਸਾਡੀ ਸੰਸਕ੍ਰਿਤੀ ਵਿਚ ਵਿਖਾਈ ਦੇਂਦਾ ਹੈ। ਆਚਾਰੀਯ ਰਾਮਚੰਦਰ ਸ਼ੁਕਲ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸ ਲਿਖਿਆ। ਚੰਡੀ ਦੀ ਵਾਰ ਤੇ ਚੰਡੀ ਚਰਿੱਤਰ ਭਾਰਤੀ ਸੰਸਕ੍ਰਿਤੀ ਦੇ ਯੁੱਧ-ਕਾਲ ਦਾ ਪੰਜਾਬੀ ਭਾਸ਼ਾ ਵਿਚ ਪ੍ਰਥਮ ਵਰਣਨ ਹਨ। ਗੁਰੂ ਗੋਬਿੰਦ ਸਿੰਘ ਦੁਆਰਾ ਲਿਖੇ ਗਏ ਇਹ ਪ੍ਰਮਾਣਿਕ ਯੁੱਧ-ਕਾਵਿ ਹਨ। ਦਸਮੇਸ਼ ਜੀ ਕਲਮ ਤੇ ਤਲਵਾਰ ਦੋਹਾਂ ਦੇ ਧਨੀ ਹਨ। ਨਾਮਧਾਰੀ ਸਿੱਖਾਂ ਦੇ ਰੋਜ਼ਾਨਾ ਨਿਤਨੇਮ ਦਾ ਇਹ ਬਾਣੀਆਂ ਅੰਗ ਹਨ। ਸ੍ਰੀ ਭੈਣੀ ਸਾਹਿਬ ਵਿਚ ਚੰਡੀ ਦੀ ਵਾਰ ਦੇ ਪਾਠ ਲੱਖਾਂ ਦੀ ਗਿਣਤੀ 'ਚ ਕੀਤੇ ਜਾ ਚੁੱਕੇ ਹਨ। ਇਸ ਪਾਠ ਦਾ ਸੰਦੇਸ਼ ਪੂਰੇ ਭਾਰਤ ਤੇ ਰਾਸ਼ਟਰ ਵਿਚ ਪ੍ਰਵਾਹਿਤ ਹੋਣਾ ਚਾਹੀਦਾ ਹੈ। ਮੈਥਿਲੀ ਸ਼ਰਣ ਗੁਪਤ ਦੀ ਪ੍ਰਸਿੱਧ ਪੁਸਤਕ 'ਗੁਰੂਕੁਲ' ਸਿਖ ਧਰਮ ਦੀ ਪ੍ਰੰਪਰਾਗਤ ਮੂਲ-ਸੰਵੇਦਨਾ ਹੈ ਜੋ ਸਨਾਤਨ ਧਰਤ ਤੋਂ ਪ੍ਰੇਰਿਤ ਹੋਈ। ਬਨਾਰਸ ਹਿੰਦੂ ਵਿਸ਼ਵ-ਵਿਦਿਆਲੇ ਵਿਚ ਗੁਰੂਕੁਲ ਪੁਸਤਕ M.A. ਦੇ ਵਿਦਿਆਰਥੀਆਂ ਨੂੰ ਪੜਾਇਆ ਜਾਂਦਾ ਰਿਹਾ ਹੈ। ਸੰਪੂਰਨ ਸਿੱਖ ਗੁਰੂ ਪ੍ਰੰਪਰਾ ਨੂੰ ਸਮਰਪਿਤ ਇਸ ਪੁਸਤਕ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਕਥਨੀ ਤੇ ਕਰਨੀ ਨੂੰ ਵੀ ਇਕ ਲੰਮੀ ਕਵਿਤਾ ਦੇ ਰੂਪ ਵਿਚ ਸੁੰਦਰ ਸ਼ਬਦਾਂ ਰਾਹੀਂ ਬਿਆਨਿਆ ਗਿਆ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਮੈਥਿਲੀ ਸ਼ਰਣ ਗੁਪਤ ਨੂੰ ਉਨ੍ਹਾਂ ਦੇ ਪਿੰਡ 'ਚਿਰਗਾਂਵਾ' ਵਿਖੇ ਖ਼ੁਦ ਜਾ ਕੇ ਮਿਲੇ ਸਨ। ਮਰਾਠੀ, ਬੰਗਾਲੀ, ਉੜੀਆ ਸਾਹਿਤ ਅਤੇ ਕੋਣਕਣੀ (ਕੋਂਕਣੀ) ਭਾਸ਼ਾ (ਜਿਸਦੀ ਲਿਪੀ ਰੋਮਨ ਹੈ) ਦੇ ਪੁਰਾਤਨ ਗ੍ਰੰਥਾਂ ਵਿਚ ਵੀ ਸਤਿਗੁਰੂ ਰਾਮ ਸਿੰਘ ਜੀ ਦਾ ਨਾਮ ਮਿਲਦਾ ਹੈ। ਪੂਰੀ ਭਾਰਤੀਅਤਾ ਦਾ ਪ੍ਰਚਾਰ-ਪ੍ਰਸਾਰ ਸਤਿਗੁਰੂ ਰਾਮ ਸਿੰਘ ਜੀ ਦੀਆਂ ਸਿੱਖਿਆਵਾਂ ਦੁਆਰਾ ਉਜਾਗਰ ਹੁੰਦਾ ਹੈ। ਉਨ੍ਹਾਂ ਦੁਆਰਾ ਰੌਸ਼ਨ ਕੀਤੀ ਸੰਸਕ੍ਰਿਤਨ ਪ੍ਰੰਪਰਾ ਦੇ ਦੀਪਕ ਜਲਣੇ ਚਾਹੀਦੇ ਹਨ। 'ਕਾਸ਼ੀ ਪਰਚਾਰਨੀ ਸਭਾ' ਦੀ ਇਕ ਪਤਰਿਕਾ ਵਿਚ ਸ਼ਹੀਦ ਭਗਤ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਬਾਰੇ ਤਿੰਨ ਲੇਖ ਛਪਵਾਏ। ਇਸ ਵਿਸ਼ਵ-ਵਿਦਿਆਲੇ ਵਿਚ ਗੁਰੂ ਰਾਮ ਸਿੰਘ ਪੀਠ ਦੀ ਬਹੁਤ ਵੱਡੀ ਪ੍ਰਸੰਗਿਕਤਾ ਹੈ। ਨਾਮਧਾਰੀ ਸਿੱਖ ਵਾਤਾਵਰਣ ਤੇ ਜਲ-ਪ੍ਰਦੂਸ਼ਣ ਪ੍ਰਤੀ ਵੀ ਬਹੁਤ ਸੁਚੇਤ ਹਨ। ਲੁਧਿਆਣਾ ਸ਼ਹਿਰ 'ਚ ਵਗਦੇ ਪ੍ਰਦੂਸ਼ਿਤ ਹੋ ਚੁੱਕੇ ਬੁੱਢੇ ਨਾਲੇ ਦੀ ਸਾਫ਼-ਸਫ਼ਾਈ ਵਿਚ ਇਹ ਵੱਡੀ ਭੂਮਿਕਾ ਨਿਭਾਅ ਰਹੇ ਹਨ। ਪੰਜਾਬੀ ਸਾਹਿਤ ਦੇ ਉਥਾਨ ਤੇ ਵਿਕਾਸ ਦਾ ਵੀ ਕੰਮ ਚੱਲ ਰਿਹਾ ਹੈ। 'ਹਿੰਦੀ ਸਾਹਿਤ ਸੰਮੇਲਨ' ਇਲਾਹਾਬਾਦ ਦੀ 150 ਵਰ੍ਹੇ ਪੁਰਾਣੀ ਸੰਸਥਾ ਹੈ। ਸੰਨ 1942 ਦੇ 'ਭਾਰਤ ਛੋੜੋ ਅੰਦੋਲਨ' ਵਿਚਲੇ ਹਿੰਦੀ ਲੇਖਕਾਂ ਤੋਂ ਬ੍ਰਿਟਿਸ਼ ਸਰਕਾਰ ਬਹੁਤ ਘਬਰਾਉਂਦੀ ਸੀ। ਉਸ ਸਮੇਂ ਇਸ ਸੰਮੇਲਨ ਦੀ ਇਕ ਪਤ੍ਰਿਕਾ ਵਿਚ ਇਕ ਵਿਗਿਆਪਨ ਛਪਿਆ ਸੀ ਕਿ ਅਗਲਾ ਹਿੰਦੀ ਸਾਹਿਤ ਸੰਮੇਲਨ ਸ੍ਰੀ ਭੈਣੀ ਸਾਹਿਬ ਵਿਖੇ ਹੋਵੇਗਾ। ਇਹ ਗੱਲ ਨਾਮਧਾਰੀਆਂ ਦੇ ਨਿਰੰਤਰ ਸਰਕਾਰ ਵਿਰੋਧੀ ਅੰਦੋਲਨ ਦੀ ਪੁਸ਼ਟੀ ਕਰਦੀ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਵਿਚਾਰਾਂ ਅਨੁਸਾਰ ਇਹ ਸੰਸਾਰ 'ਗਲੋਬਲ ਵਿਲੇਜ' ਤਾਂ ਜ਼ਰੂਰ ਬਣੇ ਪਰੰਤੂ ਗਲੋਬਲ ਮੰਡੀ ਕਦਾਚਿਤ ਨਹੀਂ ਬਣਨ ਦਿੱਤਾ ਜਾਣਾ ਚਾਹੀਦਾ ਕਿਉਂਕਿ ਸਮੇਂ ਸੰਸਾਰ ਦਾ ਮੰਡੀਕਰਣ ਕਰਨ ਵਾਲੀਆਂ ਵੱਡੀਆਂ ਕੰਪਨੀਆਂ ਪੁਰਾਣੇ ਸਾਮਰਾਜੀ-ਵਾਪਾਰੀ ਕਾਲੋਨੀਅਲ ਤਾਕਤਾਂ ਦੀ ਹੀ ਵਰਤਮਾਨ ਸਰੂਪ ਹੈਨ ਜੋ ਆਮ ਲੋਕਾਂ ਨੂੰ ਲੁੱਟ ਰਹੀਆਂ ਹਨ, ਜਨਤਾ ਦਾ ਸੋਸ਼ਣ

ਕਰ ਰਹੀਆਂ ਹਨ।

**ਮਹਾਂ-ਮੰਡਲੇਸ਼ਵਰ ਸਵਾਮੀ ਚੈਤੰਨਯਪੁਰੀ ਜੀ (ਅਧਿਅਕਸ਼ ਪਰਮਾਰਥ ਸਾਧਕਸੰਘ, ਵਾਰਾਣਸੀ)–** ਇਸ ਮਹਾਤਮਾ ਨੇ ਸੰਸਕ੍ਰਿਤ ਸਲੋਕਾਂ ਦਾ ਉਚਾਰਣ (ਮੰਗਲਾਚਰਣ ਵਜੋਂ) ਕਰ ਕੇ ਆਪਣੇ ਵਿਚਾਰ ਇਸ ਤਰ੍ਹਾਂ ਰੱਖੇ: ਨਾਮਧਾਰੀ ਸਮਾਜ ਭਾਰਤੀ ਸੰਸਕ੍ਰਿਤੀ ਤੇ ਸਨਾਤਨ ਧਰਮ-ਪ੍ਰੰਪਰਾ ਨਾਲ ਜੁੜਿਆ ਹੋਇਆ ਹੈ ਤੇ ਸਭਨਾਂ ਵਾਸਤੇ ਸਦ ਭਾਵਨਾ ਰਖਦਾ ਹੈ। ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਅਲਗਾਵ- ਵਾਦੀਆਂ ਦੀ ਆਵਾਜ਼ ਨੂੰ ਸਫ਼ਲ ਨਹੀਂ ਹੋਣ ਦਿਓਗੇ। ਜਿਸ ਪੰਜਾਬ ਵਿਚ ਰਿਗਵੇਦ ਲਿਖਿਆ ਗਿਆ, ਓਥੋਂ ਦੇ ਵਸਨੀਕ ਅਲਗਾਵ-ਵਾਦੀ ਕਿਵੇਂ ਹੋ ਸਕਦੇ ਹਨ? ਇਨ੍ਹਾਂ ਨੇ ਇਕ ਬੜੀ ਦਿਲਚਸਪ ਤੇ ਮਾਰਮਿਕ ਕਥਾ ਸੁਣਾ ਕੇ ਆਪਣੇ ਵਿਸ਼ਵਾਸ ਨੂੰ ਸਿੱਧ ਕੀਤਾ। ਵਰਖਾ ਰੁੱਤ ਦੀ ਇਕ ਰਾਤ ਵਿਚ ਇਕ ਸਾਧੂ ਧਿਆਨ-ਮਗਨ ਹੋਣ ਦਾ ਯਤਨ ਕਰ ਰਿਹਾ ਸੀ ਪਰੰਤੂ ਚੁਪਾਸੀ ਮੇਂਡਕਾਂ ਦੀਆਂ 'ਗੜੈਂ-ਗੜੈਂ' ਕਰਦੀਆਂ ਆਵਾਜ਼ਾਂ ਉਸਦਾ ਧਿਆਨ ਭੰਗ ਕਰ ਰਹੀਆਂ ਹਨ। ਉਸ ਸੰਤ ਨੇ ਗੁੱਸੇ 'ਚ ਹੋ ਕੇ ਕਿਹਾ- "ਚੁੱਪ ਹੋ ਜਾਓ।" ਉਸਦਾ ਵਚਨ ਸਤਿ ਹੋ ਗਿਆ ਤੇ ਸਭ ਡੱਡੂ ਸ਼ਾਂਤ ਹੋ ਗਏ ਪਰੰਤੂ ਉਸਦਾ ਮਨ ਫਿਰ ਵੀ ਨਾ ਟਿਕਿਆ। ਉਸਨੇ ਜ਼ਰਾ ਗੰਭੀਰ ਹੋ ਕੇ ਸੋਚਿਆ ਤਾਂ ਉਹਦੇ ਅੰਦਰੋਂ ਇਕ ਆਵਾਜ਼ ਆਈ ਕਿ ਹੋ ਸਕਦੇ ਕਿ ਈਸ਼ਵਰ ਇਨ੍ਹਾਂ ਡੱਡੂਆਂ ਦੀਆਂ ਆਵਾਜ਼ਾਂ ਸੁਣ ਕੇ ਹੀ ਪ੍ਰੰਸਨ ਹੁੰਦੇ ਹੋਣ। ਸਾਰੀ ਸ੍ਰਿਸ਼ਟੀ ਪ੍ਰਮਾਤਮਾ ਦੀ ਹੈ। ਸਾਰਾ ਵਿਸ਼ਵ, ਬ੍ਰਹਿਮੰਡ ਪ੍ਰਮਾਤਮਾ ਨੇ ਹੀ ਸਿਰਜਿਆ ਹੈ- ਇਹ ਮੇਂਡਕ ਵੀ ਤਾਂ ਉਸ ਈਸ਼ਵਰ ਦੇ ਹੀ ਗੁਣ ਗਾਉਂਦੇ ਹੋਣਗੇ, ਉਹਨੂੰ ਇੰਜ ਯਾਦ ਕਰਦੇ ਹੋਣਗੇ। ਇਹ ਸੋਚ ਕੇ ਸਾਧੂ ਨੇ ਡੱਡੂਆਂ ਨੂੰ ਕਿਹਾ- "ਗਾਓ"। ਸਾਰੇ ਮੇਂਡਕ ਫਿਰ ਇਕ ਸਾਥ ਬੋਲਣ ਲੱਗ ਪਏ। ਜਦੋਂ ਉਹ ਮੁੜ ਧਿਆਨ-ਮਗਨ ਹੋਇਆ ਤਾਂ ਉਸ ਸੰਤ ਨੇ ਵਿਸ਼ਵ-ਸੱਤਾ ਨੂੰ ਮਹਿਸੂਸ ਕੀਤਾ ਕਿ ਰਾਤ ਦੇ ਵਾਤਾਵਰਣ ਨੂੰ ਇਨ੍ਹਾਂ ਡੱਡੂਆਂ ਦੀਆਂ ਆਵਾਜ਼ਾਂ ਚਾਰ-ਚੰਨ ਲਗਾ ਰਹੀਆਂ ਹਨ, ਤੇ ਇਹ ਮੇਂਡਕ ਤਾਂ ਆਪਣੀ ਭਾਸ਼ਾ ਵਿਚ, ਆਪਣੇ ਤਰੀਕੇ ਅਨੁਸਾਰ ਪ੍ਰਮਾਤਮਾ ਦਾ ਸਿਮਰਨ ਕਰ ਰਹੇ ਹਨ। (ਗੁਰਬਾਣੀ ਅੰਦਰ ਵੀ ਤਾਂ ਇਸ ਭਾਵ ਦੇ ਸ਼ਬਦ ਲਿਖੇ ਮਿਲਦੇ ਹਨ ਜਿਵੇਂ ਕਿ- "ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀਂ ਹੋਰ।" -ਰਿਪੋਰਟ ਕਰਤਾ)।

ਇਹ ਕਥਾ ਕਹਿਣ ਉਪਰੰਤ ਸੁਆਮੀ ਜੀ ਨੇ ਫੁਰਮਾਇਆ- "ਹਮ ਲੋਗ ਅਲੱਗ-ਅਲੱਗ ਕੈਸੇ ਹੋ ਸਕਤੇ ਹੈਂ? ਹਮ ਏਕ ਦੂਸਰੇ ਸੇ ਅਲੱਗ ਨਹੀਂ ਹੈਂ। ਸਭ ਕੇ ਭੀਤਰ ਏਕ ਹੀ ਬੈਠਾ ਹੂਆ, 'ਏਕ ਓਅੰਕਾਰ ਹੀ ਵਿਦਵਾਨ ਹੈ। ਸਦ ਭਾਵ ਕਾ ਯਹੀ ਸੂਤਰ ਹੈ ਕਿ ਸਭ ਅਪਨੇ ਹੈਂ, ਪਰਾਇਆ ਕੋਈ ਨਹੀਂ ('ਸਭੁ ਕੋ ਮੀਤੁ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ'-ਗੁਰਬਾਣੀ) ਸਭ ਕਾ ਭਲਾ ਹੋ। ਸਭ ਕੇ ਹਿਤ ਕੀ ਭਾਵਨਾ ਮੇਂ ਰਹਿਨੇ ਵਾਲੇ ਮਾਨੁਸ਼ਯੋਂ ਪਰ ਹੀ ਪਰਮਾਤਮਾ ਪ੍ਰਸੰਨ ਹੋਤੇ ਹੈਂ। ਹਮ ਐਸੇ ਜੀਏਂ ਕਿ ਕਿਸੀ ਕਾ ਦੁਖ ਨਾ ਬੜ੍ਹੇ, ਬਲਕਿ ਕਮ ਹੋ। ਸਭ ਕੇ ਦੁਖੋਂ ਕਾ ਨਿਵਾਰਣ ਹੋ। ਭਾਰਤੀ ਵਿਚਾਰਧਾਰਾ ਉਦਾਰ-ਚਿਤ ਹੈ- The whole world is one and is my family. ਹਮ ਏਕ ਹੀ ਭਾਰਤੀਯ ਸੰਸਕ੍ਰਿਤੀ, ਵਿਦਿਆ ਔਰ ਸਦਭਾਵ ਕੋ ਪ੍ਰਣਾਏ ਹੁਏ ਹੈਂ। ਹਮ ਅਲੱਗ ਨਹੀਂ ਹੈਂ, ਕੋਈ ਹਮੇਂ ਅਲੱਗ ਨਹੀਂ ਕਰ ਸਕਤਾ। ਸੰਨ 1996 ਮੇਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਹਾ ਥਾ, "ਸਭੀ ਭਾਰਤੀਯੋਂ ਕਾ ਕਲਿਯਾਣ ਹੋ- ਇਸ ਲਕਸ਼ ਮੇਂ ਹਮੇਂ ਕਾਮ ਕਰਨਾ ਹੈ।"

**ਨੀਲ ਕੰਠ ਤਿਵਾਰੀ:–** ਅੱਜ ਦੀ ਇਸ ਗੋਸ਼ਠੀ ਸਭਾ ਵਿਚ ਮੁੱਖ-ਅਤਿਥੀ ਦੇ ਤੌਰ ਤੇ ਉੱਤਰ ਪ੍ਰਦੇਸ਼ ਦੇ ਉੱਪ-ਮੁਖ ਮੰਤਰੀ (ਸ੍ਰੀ ਕੇਸ਼ਵ ਪ੍ਰਸਾਦ ਮੌਰਿਯ) ਨੇ ਸ਼ਿਰਕਤ ਕਰਨੀ ਸੀ। ਉਹਨਾਂ ਦੇ ਸਥਾਨ ਤੇ ਇਕ ਹੋਰ ਮੰਤਰੀ ਸ੍ਰੀ ਨੀਲ ਕੰਠ ਤਿਵਾਰੀ ਜੀ ਪਧਾਰੇ। ਇਹਨਾਂ ਨੇ ਵੀ ਬੜੇ ਵਿਦਵਤਾ ਪੂਰਨ ਵਿਚਾਰ ਰੱਖੇ। ਤਿਵਾਰੀ ਜੀ ਨੇ ਕਿਹਾ ਕਿ ਸਿੱਖ ਧਰਮ ਦਾ ਉਦਭਵ ਹੀ ਭਾਰਤੀ ਸੰਸਕ੍ਰਿਤੀ ਦੀ ਰੱਖਿਆ ਵਾਸਤੇ ਹੋਇਆ ਹੈ। ਚਾਰ ਪਦਾਰਥ ਤੇ ਚਾਰ ਪੁਰਸ਼ਾਰਥ( ਧਰਮ, ਅਰਥ ਕਾਮ, ਮੋਕਸ਼) ਤੁਹਾਡੇ ਪਾਸ ਹੈਨ। ਅਸੀਂ ਜੋ ਸਿੱਖਦੇ ਹਾਂ, ਤੁਸੀਂ ਉਹ ਕਰਦੇ ਹੋ। ਸਿੱਖ ਧਰਮ ਨੇ ਭਾਰਤ ਦੀ ਸੰਸਕ੍ਰਿਤੀ ਦਾ ਸਮਾਵੇਸ਼ ਕੀਤਾ ਹੈ।

**ਪ੍ਰੋਫੈਸਰ ਬਿਸ਼ੰਭਰ ਨਾਥ ਮਿਸ਼ਰ (ਪ੍ਰਧਾਨ, 'ਸੰਕਟ ਮੋਚਨ ਫਾਉਂਡੇਸ਼ਨ', ਵਾਰਾਣਸੀ:–** ਮਿਸਰ ਜੀ ਨੇ ਕਿਹਾ ਕਿ ਈਸ਼ਵਰ ਇਕ ਹੈ, ਪਰਮ-ਪਿਤਾ ਪਰਮਾਤਮਾ ਇਕ ਹੈ, ਅਸੀਂ ਸਭ ਉਸਦੀ ਸੰਤਾਨ ਹਾ। ਅਸੀਂ ਸਭ ਇਕ ਹਾਂ, ਕੋਈ ਅੰਤਰ ਨਹੀਂ। ਸੰਸਕ੍ਰਿਤ ਵਿਸ਼ਵ-ਵਿਦਿਆਲਯ ਪੂਰੇ ਬਨਾਰਸ ਦਾ ਹਿਰਦਾ ਹੈ। ਗੰਗਾ ਕਿਨਾਰੇ ਮੈਨੂੰ ਇਕ ਯੁਵਕ ਮਿਲਿਆ। ਉਹ ਵੀ ਜਾਣਦਾ ਹੈ ਕਿ ਭਾਰਤ ਵਿਚ ਸਰਵ- ਪ੍ਰਥਮ ਸੁਤੰਤਰਤਾ ਅੰਦੋਲਨ ਦੀ ਆਵਾਜ਼ ਬੁਲੰਦ ਕਰਨ ਵਾਲੇ ਸਤਿਗੁਰੂ ਰਾਮ ਸਿੰਘ ਜੀ ਸਨ। ਇਹਨਾਂ ਨੇ ਸੱਚ ਬੋਲਣ ਦੀ ਪ੍ਰਵਿਰਤੀ ਸਾਨੂੰ ਪ੍ਰਦਾਨ ਕੀਤੀ।

**ਪ੍ਰੋਫੈਸਰ ਰਾਜਾ ਰਾਮ ਸ਼ੁਕਲ (ਵਾਈਸ-ਚਾਂਸਲਰ ਸੰਸਕ੍ਰਿਤ-ਵਿਸ਼ਵ-ਵਿਦਿਆਲਾ, ਵਾਰਾਣਸੀ):–** ਗੁਰੂ ਅਗਿਆਨਤਾ ਦਾ ਨਿਵਾਰਣ ਕਰਦਾ ਹੈ। ਆਤਮਾ ਸ੍ਵੈ-ਪ੍ਰਕਾਸ਼ਿਤ ਹੈ। ਵਿਵੇਕ- ਕੀ ਕਰਨਾ ਹੈ, ਕੀ ਨਹੀਂ ਕਰਨਾ, ਦੀ ਸੋਝੀ ਗੁਰੂ ਪਾਸੋਂ ਪ੍ਰਾਪਤ ਹੁੰਦੀ ਹੈ। ਗੁਰੂ ਆਪਣੇ ਵਰਗਾ ਸਿੱਖ ਬਣਾ ਦੇਂਦਾ ਹੈ ਤੇ ਅਲੱਗ-ਅਲੱਗ ਧਰਮ ਵਿਚਾਰਾਂ ਵਿਚਕਾਰ ਸੰਵਾਦ ਕਰਾਉਂਦਾ ਹੈ।

**ਸ੍ਰੀ ਸਤਿਗੁਰੂ ਉਦੇ ਸਿੰਘ ਜੀ :–** ਏਥੇ ਆਪ ਸਭ ਨੂੰ ਸੁਣ ਕੇ ਲਗਦਾ ਹੈ ਕਿ ਵਾਰਾਣਸੀ ਵਿਚ ਸਭ ਵਿਦਵਾਨ ਹੀ ਰਹਿੰਦੇ ਹਨ। ਧਰਮ ਵਿਚ ਜੋ ਵਿਭਿੰਨਤਾਵਾਂ ਹਨ ਉਹ ਕਰਮ ਕਾਂਡ ਦੀਆਂ ਹਨ। ਅਸੀਂ ਸਭ ਇਕ ਹਾਂ ਅਲੱਗ ਨਹੀਂ। ਧਰਮ ਦਾ ਪ੍ਰਚਾਰ ਕਰਨ ਵਿਚ ਇਕ ਚੈਲੇਂਜ ਹੈ। ਮਾਇਆ ਏਨੀ ਪ੍ਰਬਲ ਹੋ ਜਾਂਦੀ ਹੈ ਕਿ ਅਸੀਂ ਡੁੱਬ ਜਾਂਦੇ ਹਾਂ। ਧਰਮ ਦੇ ਬਿਨਾਂ ਸ਼ਾਂਤੀ ਨਹੀਂ ਹੋ

ਸਕਦੀ। ਸਾਨੂੰ ਇਹ ਮੰਨ ਕੇ ਹੀ ਚੱਲਣਾ ਪਵੇਗਾ ਕਿ ਧਰਮ ਤੇ ਚੱਲਣ ਵਾਸਤੇ, ਵਿਸ਼ਵ-ਸ਼ਾਂਤੀ ਵਾਸਤੇ, ਈਰਖਾ-ਦਵੈਸ਼ ਤਿਆਗੋ। ਗੁਰਬਾਣੀ ਰਾਹੀਂ ਸਤਿਗੁਰੂ ਸਾਹਿਬਾਨ ਨੇ ਸਾਨੂੰ ਸਮਝਾਇਆ ਹੈ- 'ਬਿਸਰਿ ਗਈ ਸਭ ਤਾਤਿ ਪਰਾਈ, ਜਬ ਤੇ ਸਾਧਸੰਗਤਿ ਮੋਹਿ ਪਾਈ॥' ਅਤੇ ਕਹਿ ਕਬੀਰ ਮੇਰੀ ਸੰਕਾ ਨਾਸੀ, ਸਰਬ ਨਿਰੰਜਨੁ ਡੀਠਾ॥ ਇਹ ਪ੍ਰਾਪਤੀ ਗੁਰੂ ਦੀ ਕਿਰਪਾ ਨਾਲ ਹੁੰਦੀ ਹੈ। ਗੁਰੂ ਨੂੰ ਮੰਨਣ ਨਾਲ ਹੀ ਇਹ ਮਨੋ-ਸਥਿਤੀ ਬਣਦੀ ਹੈ। ਅਸੀਂ ਰੋਜ਼ ਅਰਦਾਸ ਕਰਦੇ ਹਾਂ ਕਿ ਸਰਬੱਤ ਦਾ ਭਲਾ ਹੋਵੇ। ਰਸਤੇ ਅਲੱਗ-ਅਲੱਗ ਹੋ ਸਕਦੇ ਹਨ ਪਰ ਟੀਚਾ ਇੱਕੋ ਹੀ ਹੈ। ਧਰਮ ਅਥਵਾ 'ਆਪਣੇ ਫਰਜ਼ ਦੀ ਪਹਿਚਾਣ' ਸਭ ਤੋਂ ਵੱਡੀ ਜਾਇਦਾਦ ਇਹੀ ਹੈ। ਧਰਮ ਰਾਹੀਂ ਹੀ ਸੱਚ ਤੇ ਵਿਸ਼ਵ-ਸ਼ਾਂਤੀ ਦੀ ਸ਼ਥਾਪਨਾ ਹੋ ਸਕਦੀ ਹੈ। ਧੰਨਵਾਦ!

ਸ੍ਰੀ ਸਤਿਗੁਰੂ ਜੀ ਦੇ ਸ਼ਬਦਾਂ ਨਾਲ ਹੀ ਇਸ ਗੋਸ਼ਟੀ ਦਾ ਸਮਾਪਨ ਹੋਇਆ। ਅੰਤ ਵਿਚ ਸ੍ਰੀ ਸਤਿਗੁਰੂ ਜੀ ਨੇ ਸੰਸਕ੍ਰਿਤ ਵਿਸ਼ਵ ਵਿਦਿਆਲੇ, ਵਾਰਾਣਸੀ ਦੇ ਵਿਭਿੰਨ ਵਿਭਾਗਾਂ ਦੇ ਨਿਮਿਨ ਲਿਖਿਤ ਮੁਖੀ ਪ੍ਰੋਫੈਸਰਾਂ ਨੂੰ ਸਨਮਾਨਿਤ ਕੀਤਾ:-

ਪ੍ਰੋਫੈਸਰ ਗੰਗਾਧਰ ਪੰਡਾ (ਪੁਰਾਣ ਇਤਿਹਾਸ ਵਿਭਾਗ), ਪ੍ਰੋਫੈਸਰ ਰਮੇਸ਼ ਦਵਿਵੇਦੀ (ਬੋਧ ਦਰਸ਼ਨ ਵਿਭਾਗ), ਪ੍ਰੋਫੈਸਰ ਹਰਿ ਪ੍ਰਸਾਦ ਦੀਕਸ਼ਿਤ (ਬੋਧ-ਪਾਲੀ ਦਰਸ਼ਨ ਵਿਭਾਗ), ਪ੍ਰੋਫੈਸਰ ਰਾਮ ਪੂਜਨ ਪਾਂਡੇ (ਨਿਆਇ ਵਿਭਾਗ), ਪ੍ਰੋਫੈਸਰ ਰਾਮ ਕ੍ਰਿਸ਼ਨ ਤ੍ਰਿਪਾਠੀ (ਵੇਦਾਂਤ ਵਿਭਾਗ), ਪ੍ਰੋਫੈਸਰ ਸੁਧਾਕਰ ਮਿਸ਼ਰ (ਵੇਦਾਂਤ ਵਿਭਾਗ), ਪ੍ਰੋਫੈਸਰ ਕਮਲਕਾਂਤ ਤ੍ਰਿਪਾਠੀ (ਮੀਮਾਂਸਾ ਵਿਭਾਗ). ਪ੍ਰੋਫੈਸਰ ਮਹੇਂਦਰ ਪਾਂਡੇ (ਵੇਦ ਵਿਭਾਗ), (Pro. Vice Chancellor) ਪ੍ਰੋਫੈਸਰ ਰਾਮ ਖੁਸ਼ਵਾਹਾ (ਪ੍ਰਾਚੀਨ ਰਾਜ-ਸ਼ਾਸਤ੍ਰ ਵਿਭਾਗ), ਪ੍ਰੋਫੈਸਰ ਸਦਾਨੰਦ ਸ਼ੁਕਲਾ (ਜਯੋਤਿਸ਼ ਵਿਭਾਗ), ਪ੍ਰੋਫੈਸਰ ਹਰੀ ਪ੍ਰਸਾਦ ਅਧਿਕਾਰੀ (ਦਰਸ਼ਨ ਵਿਭਾਗ), ਡਾਕਟਰ ਰੇਨੂ ਦਵ੍ਰਿਦੀ (ਮੁਖੀ ਗੁਰੂ ਰਾਮ ਸਿੰਘ ਪੀਠ) ਅੰਤ ਵਿਚ ਸਰਦਾਰ ਮਨਜੀਤ ਸਿੰਘ ਨਾਮਧਾਰੀ (ਮੈਂਬਰ ਗੁਰੂ ਰਾਮ ਸਿੰਘ ਪੀਠ) ਨੇ ਸਭ ਵਿਦਵਾਨਾਂ ਤੇ ਸ੍ਰੋਤਿਆਂ ਦਾ ਧੰਨਵਾਦ ਕੀਤਾ। ਇਸ ਸਨਮਾਨ ਸਮਾਰੋਹ ਉਪਰੰਤ ਸ੍ਰੀ ਸਤਿਗੁਰੂ ਜੀ ਉਪਕੁਲਪਤੀ ਅਤੇ ਵਿਦਵਾਨ ਪ੍ਰੋਫੈਸਰਾਂ ਸੰਗ ਸੰਸਕ੍ਰਿਤ ਵਿਸ਼ਵ ਵਿਦਿਆਲਯ ਦੀ ਲਾਈਬਰੇਰੀ ਵੇਖਣ ਵਾਸਤੇ ਗਏ ਜੋ Oueen's College ਵਾਲੀ ਪੁਰਾਣੀ ਇਮਾਰਤ ਤੋਂ ਹੋਰ ਅਗਾਂਹ ਪਿਛਲੇ ਪਾਸੇ ਸਥਿਤ ਹੈ। ਡਾ. ਰੇਨੂ ਦਵਿਵੇਦੀ ਦੇ ਦੱਸਣ ਅਨੁਸਾਰ ਇਸ ਲਾਈਬਰੇਰੀ ਵਿਚ ਲਗਭਗ ਚਾਰ ਹਜ਼ਾਰ ਪਾਂਡੂ ਲਿਪੀਆਂ (Manuscripts) ਸੰਭਾਲ ਕੇ ਸੁਰੱਖਿਅਤ ਰੱਖੀਆਂ ਹੋਈਆਂ ਹਨ। ਜਿਹਨਾਂ ਦਾ ਵਿਦਵਾਨ ਤੇ ਖੋਜੀ ਲੋਕ ਅਧਿਐਨ ਕਰਦੇ ਹਨ। ਇਹਨਾਂ ਵਿਚੋਂ ਕੁਝ ਤਾੜ-ਪੱਤਰਾਂ ਉੱਪਰ ਲਿਖੀਆਂ ਹੋਈਆਂ ਹਨ ਤੇ ਬਾਕੀ ਪੁਰਾਣੇ ਹੱਥੀਂ ਤਿਆਰ ਕੀਤੇ ਗਏ ਕਾਗਜ਼ਾਂ ਉੱਪਰ। ਪਰ ਅਸੀਂ ਇਹ ਪਾਂਡੂ ਲਿਪੀਆਂ ਵੇਖਣੋਂ ਖੁੰਝ ਗਏ।

**- ਮਹਿੰਦਰ ਸਿੰਘ ਕੂਕਾ**

# ਬਨਾਰਸ ਵਿਖੇ ਸਤਿਗੁਰੂ ਦਰਸ਼ਨ ਅਤੇ ਸੰਗੀਤ-ਸੰਮੇਲਨ (ਮਿਤੀ 09 ਦਿਸੰਬਰ 2018, ਐਤਵਾਰ)

ਇਸ ਪੁਰਾਤਨ ਨਗਰੀ ਵਿਚ ਅੱਜ ਦੇ ਸ਼ੁਭ ਦਿਹਾੜੇ ਦੋ ਮੁੱਖ ਸਮਾਗਮ ਆਯੋਜਿਤ ਕੀਤੇ ਜਾਣੇ ਸਨ, ਜੋ ਆਪ ਜੀ ਦੀ ਹਜ਼ੂਰੀ ਵਿਚ ਹੀ ਸੰਪੰਨ ਹੋਣੇ ਸਨ। ਦਿਨੇ ਤਾਂ ਸੀ ਸੰਸਕ੍ਰਿਤ ਵਿਸ਼ਵ-ਵਿਦਿਆਲੇ (ਵਾਰਾਣਸੀ) ਵਿੱਚ 'ਸਤਿਗੁਰੂ ਰਾਮ ਸਿੰਘ ਜੀ ਪੀਠ' ਵਿਖੇ ਵਿਦਵਾਨਾਂ ਦੀ ਗੋਸ਼ਟੀ, ਅਤੇ ਰਾਤੀਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਯਾਦ ਨੂੰ ਸਮਰਪਿਤ, ਸਥਾਨਕ ਸ਼ਾਸਤਰੀ ਸੰਗੀਤ ਦੇ ਕਲਾਕਾਰਾਂ ਦੁਆਰਾ, ਸ਼ਾਸਤਰੀ ਸੰਗੀਤ ਸੰਮੇਲਨ। ਇਨ੍ਹਾਂ ਦੋਹਾਂ ਸਮਾਗਮਾਂ ਦਾ ਪ੍ਰਬੰਧ ਕਰਨ ਵਾਸਤੇ ਸੂਬਾ ਹਰਭਜਨ ਸਿੰਘ ਲੁਧਿਆਣਾ ਅਤੇ ਰਛਪਾਲ ਸਿੰਘ ਸੇਵਕ ਸ੍ਰੀ ਭੈਣੀ ਸਾਹਿਬ ਤੋਂ ਅਗੇਤਰੇ ਹੀ ਪਹੁੰਚ ਚੁੱਕੇ ਸਨ। ਸੇਵਕ ਹਰਪਾਲ ਸਿੰਘ ਦੀ ਅਗਵਾਈ ਵਿੱਚ ਪੰਜਾਬ ਤੇ ਦਿੱਲੀ ਤੋਂ ਕੋਈ 40-50 ਨਾਮਧਾਰੀ ਸਿੰਘਾਂ ਤੇ ਬੀਬੀਆਂ ਦਾ ਜਥਾ ਬੱਸ ਰਾਹੀਂ 08 ਦਿਸੰਬਰ ਦੁਪਹਿਰ ਬਾਅਦ ਬਨਾਰਸ ਵਿਖੇ ਪਹੁੰਚ ਚੁੱਕਾ ਸੀ। ਸ੍ਰ. ਹਰਵਿੰਦਰ ਸਿੰਘ ਹੰਸਪਾਲ, ਸੰਤ ਸੁਰਿੰਦਰ ਸਿੰਘ ਲੁਧਿਆਣਾ ਅਤੇ ਪ੍ਰੋਫੈਸਰ ਮੋਹਿੰਦਰ ਸਿੰਘ ਬੇਦੀ ਚਾਂਸਲਰ ਸੈਂਟਰਲ ਯੂਨੀਵਰਸਿਟੀ (ਹਿਮਾਚਲ ਪ੍ਰਦੇਸ) ਵੀ ਹਵਾਈ ਜਹਾਜ ਦੁਆਰਾ ਏਥੇ ਪਹੁੰਚ ਚੁੱਕੇ ਸਨ। ਕੇਂਦਰੀ ਵਿਸ਼ਵ-ਵਿਦਿਆਲਾ (ਬਠਿੰਡਾ) ਪੰਜਾਬ ਤੋਂ 'ਗੁਰੂ ਰਾਮ ਸਿੰਘ ਚੇਅਰ' ਦੇ ਮੁਖੀ ਪ੍ਰੋਫੈਸਰ ਕੁਲਦੀਪ ਸੰਘ ਜੀ ਸਾਡੇ ਨਾਲ ਬੱਸ ਰਾਹੀਂ ਆਏ।

ਸ਼ਾਸਤਰੀ ਸੰਗੀਤ ਸੰਮੇਲਨ (ਸਥਾਨ ਅਮਰ ਬੈਂਕੁਅਟ ਹਾਲ ਰਾਮਕਟੋਰਾ, ਵਾਰਾਣਸੀ, ਸ਼ਾਮ 7:00 ਵਜੇ, 09 ਦਿਸੰਬਰ): ਅੱਜ ਦੇ ਇਸ ਸੰਗੀਤ ਸੰਮੇਲਨ ਦੀ ਰੂਪ-ਰੇਖਾ ਅਤੇ ਸੁਯੋਗ ਪ੍ਰਬੰਧ ਸੰਤ ਰਛਪਾਲ ਸਿੰਘ ਸੇਵਕ ਅਤੇ ਏਥੋਂ ਦੇ ਸੰਤ ਮਨਜੀਤ ਸਿੰਘ ਜੀ ਦੀ ਸਾਂਝੀ ਮਿਹਨਤ ਤੇ ਯਤਨ ਅਤੇ ਸ੍ਰੀ ਸਤਿਗੁਰੂ ਜੀ ਦੇ ਆਸ਼ੀਰਵਾਦ ਸਦਕਾ ਰੂਪਮਾਨ ਹੋਇਆ ਕਿਉਂਕਿ ਇਹ ਸੰਮੇਲਨ ਸੰਗੀਤ ਸਮਰਾਟ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਯਾਦ ਨੂੰ ਸਮਰਪਿਤ ਕੀਤਾ ਜਾ ਰਿਹਾ ਸੀ। ਆਪਣੀ ਸੰਗੀਤ ਕਲਾ ਦਾ ਜੌਹਰ ਦਿਖਾਣ ਵਾਲੇ ਸੰਗੀਤਕਾਰ ਸਮੇਂ ਅਨੁਸਾਰ ਪਹੁੰਚ ਚੁੱਕੇ ਸਨ। ਪ੍ਰਬੰਧਕਾਂ ਨੇ ਸ੍ਰੀ ਸਤਿਗੁਰੂ ਜੀ ਤੇ ਮਾਤਾ ਜੀ ਦਾ ਸਵਾਗਤ ਫੁੱਲ-ਬੁੱਕੇ ਭੇਂਟ ਕਰ ਅਤੇ ਚਰਨ ਸਪਰਸ਼ ਕਰਕੇ ਕੀਤਾ। ਕਲਾਕਾਰਾਂ ਨੇ ਵੀ ਸ੍ਰੀ ਹਜ਼ੂਰ ਨੂੰ ਨਮਸਕਾਰ ਕੀਤੀ ਅਤੇ ਸਟੇਜ ਉੱਪਰ ਪਹੁੰਚਦਿਆਂ ਹੀ ਉਨ੍ਹਾਂ ਨੂੰ ਵੀ ਫੁੱਲ-ਬੁੱਕੇ ਭੇਂਟ ਕਰਕੇ ਜੀਉ-ਆਇਆਂ ਕਿਹਾ ਗਿਆ।

**ਪ੍ਰਥਮ ਚਰਣ ਦੇ ਕਲਾਕਾਰ**:-

1. (ਵੋਕਲ ਗਾਇਕ) ਸ੍ਰੀ ਅਨੂਪ ਮਿਸ਼ਰ (ਇਹ ਕਲਾਕਾਰ ਪੰਡਿਤ ਹਰੀ ਸ਼ੰਕਰ ਮਿਸ਼ਰ ਤੇ ਹਨੂਮੰਤ ਪ੍ਰਸਾਦ ਮਿਸ਼ਰ ਦੇ ਸ਼ਿਸ਼ ਹਨ)

2. ਸਹਿ ਗਾਯਨ ਅਤੇ ਤਾਨਪੁਰਾ- ਸ੍ਰੀ ਆਰੀਅਨ ਮਿਸ਼ਰ (ਸ਼ਿਸ਼ ਤੇ ਸਪੁੱਤਰ ਸ੍ਰੀ ਅਨੂਪ ਮਿਸ਼ਰ)
3. ਹਾਰਮੋਨੀਅਮ ਕਲਾਕਾਰ- ਸ੍ਰੀ ਅੰਕਿਤ ਮਿਸ਼ਰ(ਸ਼ਿਸ਼ ਪੰਡਿਤ ਅੰਕਿਤ ਜਯਸਵਾਲ)
4. ਤਬਲਾ ਕਲਾਕਾਰ- ਸ਼੍ਰੀ ਕਾਂਤ ਮਿਸ਼ਰ

ਸ੍ਰੀ ਅਨੂਪ ਮਿਸ਼ਰ ਜੀ ਨੇ ਰਾਗ 'ਚਾਰੂ ਕੇਸੀ' ਵਿਚ 'ਵੰਦਨਾ' ਗਾਇਨ ਕੀਤੀ- "ਗੁਰੂ ਚਰਨਨ ਕੋ ਧਰ ਧਿਆਨ"

ਵੰਦਨਾ ਉਪਰੰਤ ਇਨ੍ਹਾਂ ਨੇ ਗੁਰਬਾਣੀ ਦਾ ਇਹ ਸ਼ਬਦ ਗਾ ਕੇ ਸ੍ਰੋਤਿਆਂ ਨੂੰ ਮੰਤ੍ਰ-ਮੁਗਧ ਕੀਤਾ:-

ਜਗਤ ਮੈ ਝੂਠੀ ਦੇਖੀ ਪ੍ਰੀਤਿ॥

ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਇਨ੍ਹਾਂ ਕਲਾਕਾਰਾਂ ਨੇ ਸ੍ਰੀ ਸਤਿਗੁਰੂ ਜੀ ਦੇ ਚਰਨ ਸਪਰਸ਼ ਕੀਤੇ, ਤਸਵੀਰਾਂ ਖਿਚਵਾਈਆਂ ਤੇ ਸ੍ਰੀ ਹਜ਼ੂਰ ਪਾਸੋਂ ਜਾਣ ਦੀ ਆਗਿਆ ਮੰਗੀ।

**ਦੂਸਰੇ ਚਰਣ ਦੇ ਕਲਾਕਾਰ:** ਅਮਰੇਂਦਰ ਮਿਸ਼ਰ (ਸਿਤਾਰ), ਸ਼ਾਨੂ ਮਿਸ਼ਰ (ROLAND Synthesizer), ਰਿਸ਼ਭ ਰਾਜ (ਬਾਂਸਰੀ),ਕੁਸ਼ਲ ਕ੍ਰਿਸ਼ਣ (ਤਬਲਾ), ਸ਼੍ਰੀਕਾਂਤ ਮਿਸ਼ਰ (ਤਬਲਾ) Synthesizer ਕਿਉਂਕਿ ਇਕ ਪੱਛਮੀ ਸਾਜ਼ ਹੈ, ਇਸ ਕਰਕੇ ਇਸਦੀ ਅਵਾਜ (ਸੰਗੀਤ-ਸੁਰਾਂ) ਅਤੇ ਪੇਸ਼ਕਾਰੀ ਕਲਾਸੀਕਲ ਤਾਂ ਸੀ ਪਰ ਕਾਫੀ ਹੱਦ ਤੱਕ ਪੱਛਮੀ ਅਥਵਾ ਯੂਰਪੀਅਨ ਢੰਗ ਦੀ। ਬੰਸਰੀ, ਸਿਤਾਰ ਤੇ ਤਬਲਾ ਵਾਦਕਾਂ ਨੇ ਸ਼ਾਨੂੰ ਮਿਸ਼ਰ ਦਾ ਸਾਥ ਬਾਖੂਬੀ ਨਿਭਾਇਆ। ਸਾਇਦ ਇਸੇ ਕਰਕੇ ਸਤਿਗੁਰੂ ਜੀ ਨੇ ਅਮਰੇਂਦਰ ਮਿਸ਼ਰ ਨੂੰ ਆਪਣਾ ਸਿਤਾਰ ਵਾਦਨ ਸੁਣਾਉਣ ਦੀ ਸਿਫਾਰਿਸ਼ ਕੀਤੀ। ਇਸ ਦੁਬਾਰਾ ਕੀਤੀ ਕੋਸ਼ਿਸ਼ ਸਮੇਂ ਸਿਤਾਰ-ਵਾਦਨ ਪ੍ਰਧਾਨ ਰਿਹਾ ਤੇ Synthesizer ਦੀ ਟੋਨ ਨੀਵੀਂ ਰਹੀ।

**ਤੀਸਰੇ ਚਰਣ ਦੇ ਕਲਾਕਾਰ:** ਇਹ ਪ੍ਰੋਗ੍ਰਾਮ ਦੋ ਭਰਾਵਾਂ ਕੱਥਕ ਨ੍ਰਿਤਕਾਰ (ਪ੍ਰਿਯ ਬੰਧੂ)- ਮਾਤਾ ਪ੍ਰਸਾਦ ਮਿਸ਼ਰ ਅਤੇ ਰਵੀ ਸ਼ੰਕਰ ਮਿਸ਼ਰ ਨੇ ਕੀਤਾ। ਇਨ੍ਹਾਂ ਦੋਵਾਂ ਦੀ ਸੰਗਤ ਕਰਨ ਵਾਲੇ ਕਲਾਕਾਰ ਇਹ ਸਨ: ਰਾਮ ਕੁਮਾਰ ਮਿਸ਼ਰ (ਤਬਲਾ),ਪ੍ਰੀਤਮ ਮਿਸ਼ਰ (ਤਬਲਾ), ਗੌਰਵ ਮਿਸ਼ਰ (ਗਾਇਨ ਅਤੇ ਹਾਰਮੋਨੀਅਮ), ਨੀਰਜ਼ ਮਿਸ਼ਰ (ਸਿਤਾਰ) ਇਨ੍ਹਾਂ ਕਥਕ ਨ੍ਰਿਤਕਾਰ ਭਰਾਵਾਂ ਨੇ 16-17 ਵਰ੍ਹਿਆਂ ਦੀ ਉਮਰ ਵਿਚ ਪਹਿਲੀ ਵਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਨਮੁੱਖ ਕਥਕ-ਨ੍ਰਿਤ ਪੇਸ਼ ਕੀਤਾ ਸੀ। ਲਗਭਗ ਵੀਹ ਵਰ੍ਹਿਆਂ ਦੇ ਅੰਤਰਾਲ ਪਿਛੋਂ ਇਨ੍ਹਾਂ ਨੂੰ ਆਪਣੀ ਮੰਝੀ ਹੋਈ ਕਲਾ ਦਾ ਪ੍ਰਦਰਸ਼ਨ ਕਰਨ ਦਾ ਸੁਭਾਗ ਵਰਤਮਾਨ ਸਤਿਗੁਰੂ ਉਦੇ ਸਿੰਘ ਜੀ ਦੇ ਸਨਮੁਖ ਪੇਸ਼ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਪ੍ਰਿਯ ਬੰਧੂਆਂ ਨੇ ਆਪਣੇ ਕਲਾ-ਪ੍ਰਦਰਸ਼ਨ ਦਾ ਅਰੰਭ "ਸ੍ਰੀ ਗਣੇਸ਼ ਵੰਦਨਾ" ਰਾਹੀ ਕੀਤਾ। ਗਣੇਸ਼ ਵੰਦਣਾ ਦੇ ਬੋਲ ਸਨ:

"ਗਾਈਏ ਗਣਪਤੀ ਜੈ ਜੈ ਬੰਦਨ"

ਇਨ੍ਹਾਂ ਕਲਾਕਾਰਾਂ ਨੇ ਅਗਲੀ ਡਾਂਸ ਆਈਟਮ ਸਾਡੇ ਛੇ ਮਾਤਰਾ ਦੇ ਅਮੰਜਨੀ ਤਾਲ ਵਿਚ ਪੇਸ਼ ਕੀਤੀ। ਪੈਰਾਂ ਦੀ ਥਿਰਕਨ ਇਤਨੀ ਤੇਜ਼ ਅਤੇ ਪ੍ਰਬਲ ਸੀ ਕਿ ਇਨ੍ਹਾਂ ਦੇ ਸਮੁੱਚੇ ਬਦਨਾਂ ਵਿਚ ਬਿਜਲੀ ਦੇ ਕਰੰਟ ਵਾਂਗ ਸਿਰਹਨ ਦੌੜ ਰਹੀ ਸੀ। ਇਨ੍ਹਾਂ ਨੇ ਪਹਿਲਾਂ ਵਾਰੋ-ਵਾਰੀ ਤੇ ਫਿਰ ਇਕੱਠਿਆਂ ਹੋ ਕੇ ਕਥਕ-ਨ੍ਰਿਤ ਪੇਸ਼ ਕੀਤਾ। ਬਦਨ ਤਾਂ ਦੋ ਸਨ ਪ੍ਰੰਤੂ ਹੱਥਾਂ, ਬਾਹਵਾਂ, ਪੈਰਾਂ ਤੇ ਮੁਦਰਾਵਾਂ ਦੁਅਰਾ ਪੇਸ਼ਕਾਰੀ ਵਿਚ ਇਹ ਇਕ ਸਰੀਰ-ਇਕ ਆਤਮਾ ਹੋ ਕੇ ਨੱਚ ਰਹੇ ਸਨ। ਇਨ੍ਹਾਂ ਨੇ ਇਕ ਬਹੁਤ ਹੀ ਸੁੰਦਰ ਨ੍ਰਿਤ-ਗੀਤ ਪੇਸ਼ ਕੀਤਾ ਜਿਸਦੇ ਬੋਲ ਇਹ ਸਨ:

ਕਨ੍ਹਈਆਂ ਜੀ! ਯੇ ਕੈਸਾ ਜਾਦੂ ਡਾਲਾ।

**ਸੰਗੀਤ ਸੰਮੇਲਨ ਦਾ ਚੌਥਾ ਅਤੇ ਅੰਤਿਮ ਚਰਣ:** ਸ੍ਰੀ ਭੈਣੀ ਸਹਿਬ ਤੋਂ ਅੱਜ ਸ਼ਾਮੀ ਹੀ ਉਚੇਚੇ ਪਧਾਰੇ, ਸ੍ਰੀ ਬਲਵੰਤ ਸਿੰਘ ਜੀ (ਵੋਕਲ ਗਾਇਕ) ਅਤੇ ਸ੍ਰੀ ਹਰਪ੍ਰੀਤ ਸਿੰਘ ਸੋਨੂੰ (ਤਬਲਾ-ਵਾਦਕ) ਨੇ ਲਗਭਗ ਦੋ ਘੰਟੇ ਆਪਣੀ ਬਾ-ਕਮਾਲ ਕਲਾ ਦਾ ਪ੍ਰਦਰਸ਼ਨ ਕਰਕੇ ਸਮਾਂ ਬੰਨ੍ਹਿਆ ਅਤੇ ਇਸ ਸੰਗੀਤ-ਸੰਮੇਲਨ ਨੂੰ ਬੁਲੰਦੀ ਬਖਸ਼ੀ। ਰਾਗੀ ਹਰਵਿੰਦਰ ਸਿੰਘ ਨੇ ਹਾਰਮੋਨੀਅਮ ਤੇ (ਇਸ ਬੈਠਕ ਸਮੇਂ) ਬਲਵੰਤ ਸਿੰਘ ਹੁਰਾਂ ਨੂੰ ਪ੍ਰਸੰਸਾ ਦੇ ਲਾਇਕ ਸਹਿਯੋਗ ਦਿੱਤਾ। ਕਲਾਕਾਰ ਦੀ ਗਹਿਰ-ਗੰਭੀਰ ਪਹੁੰਚ ਦਾ ਸੁਨੇਹਾ ਸ੍ਰੀ ਬਲਵੰਤ ਸਿੰਘ ਹੁਰਾਂ ਦੇ ਇਨ੍ਹਾਂ ਸ਼ਬਦਾਂ ਨੇ ਹੀ ਦੇ ਦਿੱਤਾ- "ਹਮ ਤਲਵੰਡੀ ਘਰਾਣੇ ਕੀ ਖਯਾਲ ਤਥਾ ਜੈਪੁਰ ਘਰਾਣੇ ਕੀ ਕੁਛ ਬੰਦਿਸ਼ੇਂ ਪੇਸ਼ ਕਰੇਂਗੇ"। ਬਲਵੰਤ ਸਿੰਘ ਜੀ ਨੇ ਸਭ ਤੋਂ ਪਹਿਲਾਂ ਰਾਗ ਮਾਲਕੌਂਸ਼ ਤੇ ਪੰਜਾਬੀ ਠੇਕਾ ਤਾਲ ਵਿਚ ਨਿਮਨ-ਲਿਖਤ ਬੰਦਿਸ਼ ਗਾਇਨ ਕੀਤੀ।-

ਯਾ ਰੱਬਾ! ਮੇਰੀ ਬੇੜੀ ਨੂੰ ਪਾਰ ਲੰਘਾ।

ਫਿਰ ਜੈਪੁਰ ਘਰਾਣੇ ਦੀ ਇਹ ਬੰਦਿਸ਼-

"ਗਾ ਗਾ ਰੀ ਮੋਰੀ ਠੁਮਕ ਪਲਕ...
ਲਾਗੀ ਮੋਰੀ ਪਲਕ ਨਾ"।

(ਰਾਗ ਮਾਲਕੌਂਸ ਤਿੰਨ ਤਾਲ ਵਿਚ) ਪੇਸ਼ ਕੀਤੀ।

ਫਿਰ ਇਕ ਹੋਰ ਬੰਦਿਸ਼ (ਰਾਗ- ਸਿੰਧੂਰੀ ਟੋਡੀ, ਝਪਤਾਲ ਵਿਚ)-

"ਪਾਗ ਜਟਾਵਾਂ ਕੇ, ਭਸਮ ਬਸਮ ਬਸਤਰ ਲੀਏ"

ਫਿਰ ਇਕ ਦਰੁੱਤ ਲੈ ਦੀ ਬੰਦਿਸ਼-

"ਬਿੰਦਰੁਮ ਬਲਨ ਬਲਤਾ ਪ੍ਰਭੂ ਬਾਦ ਬਾਲਨ"

ਇਸ ਉਪਰੰਤ ਇਨ੍ਹਾਂ ਦਾ ਵੋਕਲ ਗਾਇਨ 40-45 ਮਿੰਟ ਚਲਦਾ ਰਿਹਾ। ਤਲਵੰਡੀ ਘਰਾਣੇ ਦੇ ਧਰੁਪਦ ਤੇ ਧਮਾਰ ਦੇ ਇਸ ਕਲਾਕਾਰ ਨੇ ਅਨੇਕਾਂ ਹੀ ਰੰਗ ਵਿਖਾਏ। ਕਹਿਬੇ ਕੋ ਸੋਭਾ ਨਹੀਂ ਦੇਖਾ ਹੀ ਪਰਵਾਨ। ਦਾਦ ਵਜੋਂ ਸ੍ਰੋਤਿਆਂ ਦੀਆਂ ਤਾਲੀਆਂ ਵੀ ਬਾਰੰਬਾ ਵੱਜ ਰਹੀਆਂ ਸਨ। ਰਾਤ ਦੇ ਸਾਢੇ ਬਾਰਾਂ ਵਜੇ ਤੱਕ ਸੰਗੀਤ ਦੀ ਇਸ ਰਸ-ਭਿੰਨੀ ਛਹਿਬਰ ਨੇ ਸ੍ਰੋਤਿਆਂ ਨੂੰ ਕੀਲ਼ ਕੇ ਰੱਖਿਆ ਅਤੇ ਅਨੰਦ-ਵਿਭੋਰ ਕੀਤਾ। ਸਟੇਜ ਤੋਂ ਉਤਰ ਕੇ ਕਲਾਕਾਰਾਂ ਨੇ ਸ਼੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕਰ, ਆਸ਼ੀਰਵਾਦ

ਪ੍ਰਾਪਤ ਕੀਤਾ।

**10 ਦਸੰਬਰ ਸਵੇਰੇ ਆਸਾ ਦੀ ਵਾਰ ਦਾ ਕੀਰਤਨ:** ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜੂਰੀ ਵਿਚ ਸੰਤ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਸ਼ਾਮ ਸਿੰਘ ਅਤੇ ਹਰਵਿੰਦਰ ਸਿੰਘ ਹੁਰਾਂ ਨੇ (5 ਤੋਂ 7ਵਜੇ ਤੱਕ) ਕੀਰਤਨ ਕੀਤਾ।

**ਕਬੀਰ ਮੱਠ ਦੀ ਪੈਦਲ ਯਾਤਰਾ:** ਰਾਮਕਟੋਰਾ ਇਲਾਕੇ ਤੋਂ 'ਕਬੀਰ ਚੌਰਾ' ਦੋ- ਢਾਈ ਕਿਲੋਮੀਟਰ ਦੀ ਦੂਰੀ ਤੇ ਹੈ। ਕਬੀਰ ਮੱਠ ਦੀ ਪੈਦਲ ਯਾਤਰਾ ਭਾਰਤ ਦੇ ਸ਼ਿਰੋਮਣੀ ਭਗਤ 'ਸੰਤ ਕਬੀਰ ਜੀ' ਦੀ ਯਾਦ ਨੂੰ ਏਥੇ ਪਹੁੰਚੇ ਨਾਮਧਾਰੀ ਸਿੱਖਾਂ ਵੱਲੋਂ ਸੱਚੇ ਸਤਿਕਾਰ ਦਾ ਪ੍ਰਤੀਕ ਹੈ। ਸ੍ਰੀ ਕਬੀਰ ਮੱਠ ਪਰਿਸਰ ਦੇ ਦੋਹਾਂ ਪਾਸੇ ਗਲੀਆਂ ਹਨ। ਜਾਣ ਵੇਲੇ ਸੱਜੇ ਪਾਸੇ ਵਾਲੀ ਗਲੀ ਰਾਹੀਂ ਗਏ ਤੇ ਵਾਪਸੀ ਖੱਬੇ ਪਾਸੇ ਵਾਲੀ ਗਲੀ ਰਾਹੀਂ ਹੋਈ। ਗਲੀ ਦੇ ਸੱਜੇ-ਖੱਬੇ ਬਣੀਆਂ ਇਮਾਰਤ-ਦੀਵਾਰਾਂ ਉੱਪਰ ਸੀਮੇਂਟ ਦਆਂ ਮੂਰਤੀ ਕਾਲਾਵਾਂ ਤੇ ਕਬੀਰ ਜੀ ਦੇ ਸਲੋਕ ਵੇਖਣ ਪੜ੍ਹਨ ਨੂੰ ਮਿਲੇ। ਸਲੋਕਾਂ ਦੇ ਭਾਵ-ਅਰਥਾਂ ਨੂੰ ਹੀ ਪ੍ਰਗਟਾਉਂਦੀਆਂ ਹਨ ਇਹ ਮੂਰਤੀਆਂ। ਮੱਠ ਦੇ ਮੁਖ ਦੁਆਰ ਤੋਂ ਪ੍ਰਵੇਸ਼ ਹੁੰਦਿਆਂ ਹੀ ਖੱਬੇ ਪਾਸੇ ਉੱਚੇ ਪਾਸੇ ਸ੍ਰੀ ਕਬੀਰ ਜੀ ਦਾ ਸਮਾਧੀ ਸਥਲ ਹੈ। ਇਕ ਛੋਟੇ ਜਿਹੇ ਮੰਦਰ ਦੇ ਰੂਫ ਵਿਚ ਜਿਸਦੇ ਅੰਦਰ ਭਗਤ ਕਬੀਰ ਜੀ ਦੀ ਮੂਰਤੀ ਨੂੰ ਰੌਸਨੀ ਲਾਇਟਾਂ ਅਤੇ ਹਾਰਾਂ ਨਾਲ ਸ਼ਿੰਗਾਰਿਆ ਗਿਆ ਹੈ। ਇਥੇ ਹੀ ਮੰਦਰ ਦੇ ਇਕ ਪੁਜਾਰੀ ਜਾਂ ਮਹੰਤ ਨਾਲ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਬਚਨ-ਬਿਲਾਸ ਕੀਤੇ। ਸਮਾਧੀ ਸਥਲ਼ ਤੋਂ ਕੁਝ ਵਿੱਥ ਉੱਤੇ ਮੁੱਖ ਦੁਆਰ ਦੇ ਸਾਹਮਣੇ ਵਾਲੇ ਵਰਾਂਡੇ ਦੇ ਅੰਦਰ ਭਗਤ ਕਬੀਰ ਜੀ ਦਾ ਤਪ-ਅਸਥਾਨ ਮੰਦਰ ਹੈ। ਇਸ ਮੱਠ ਅੰਦਰ ਇਕ ਪੁਸਤਕ-ਭੰਡਾਰ ਵੀ ਹੈ ਜਿਥੇ ਕਬੀਰ ਪੰਥੀ ਸਾਹਿਤ ਉਪਲਬਧ ਹੈ। ਏਥੋਂ ਹੀ ਸੰਤ ਨਿਸ਼ਾਨ ਸਿੰਘ (ਕਥਾਵਾਚਕ) ਨੇ ਭਗਤ-ਕਬੀਰ ਜੀ ਦੀ ਸੰਪੂਰਨ-ਰਚਨਾ ਦਾ ਇਕ ਗ੍ਰੰਥ (ਹਿੰਦੀ ਵਿਚ) ਇਕ ਹਜ਼ਾਰ ਰੁਪਏ ਨੂੰ ਖਰੀਦਿਆ।

ਕਬੀਰ ਮੱਠ ਦੀ ਯਾਤਰਾ ਤੋਂ ਪਰਤ ਕੇ ਸਾਰੀ ਸੰਗਤ ਨੇ ਪ੍ਰਸਾਦਾ-ਪਾਣੀ ਛੀਕਆ। ਅਗਲਾ ਪ੍ਰੋਗ੍ਰਾਮ ਸੀ ਸ੍ਰੀ ਸਤਿਗੁਰੂ ਜੀ ਦੇ ਸੰਗ ਵਿਚ ਗੰਗਾ ਨਦੀ 'ਚ ਨੌਕਾ-ਵਿਹਾਰ ਕਰਨ ਦਾ।

**ਗੰਗਾ-ਨਦੀ ਵਿਖੇ ਨੌਕਾ ਵਿਹਾਰ:** ਤਿੰਨ ਬੇੜੀਆਂ (ਵਿਚਕਾਰ ਵੱਡੀ ਬੇੜੀ ਦੇ ਦੁਪਾਸੀਂ ਛੋਟੀਆਂ ਬੇੜੀਆਂ ਨੂੰ ਰੱਸਿਆਂ ਨਾਲ ਬੰਨ੍ਹਿਆ ਜੋੜਿਆ ਗਿਆ ਸੀ) ਨੂੰ ਚੌਥੀ ਬੇੜੀ (ਇੰਜਨ ਵਾਲੀ) ਧੱਕ ਵੀ ਰਹੀ ਸੀ ਤੇ ਘੁਮਾਅ ਵੀ ਰਹੀ ਸੀ। ਬੇੜੀਆਂ ਨੂੰ ਫੁੱਲ ਹਾਰਾਂ ਨਾਲ ਸ਼ਿੰਗਾਰਿਆਂ ਗਿਆ ਸੀ ਤੇ ਬੈਠਣ ਵਾਸਤੇ ਗੱਦੇ ਚਾਦਰਾਂ ਵਿਛਾਈਆਂ ਗਈਆਂ ਸਨ। ਲਗਭਗ ਦੋ ਘੰਟੇ ਨੌਕਾ-ਵਿਹਾਰ ਹੁੰਦਾ ਰਿਹਾ। ਨੌਕਾ-ਵਿਹਾਰ ਦਾ ਅਨੰਦ ਸਾਰੀ ਸੰਗਤ ਨੇ ਮਾਣਿਆ। ਸ੍ਰੀ ਸਤਿਗੁਰੂ ਜੀ ਅਤੇ ਨਿਕਟ-ਵਰਤੀ ਸਿੱਖਾਂ ਵਿਚਕਾਰ ਕਈ ਵਿਸ਼ਿਆਂ ਤੇ ਬਚਨ-ਬਿਲਾਸ, ਵਿਚਾਰ-ਵਟਾਂਦਰਾ ਹੁੰਦਾ ਰਿਹਾ।ਵਾਪਸੀ ਸਮੇਂ ਇਕ ਘਾਟ ਦੇ ਉਪਰ ਭਗਤ ਰਵਿਦਾਸ ਜੀ ਦਾ ਮੰਦਰ ਵੀ ਵੇਖਿਆ ਜੋ ਨਵਾਂ ਹੀ ਉਸਾਰਿਆ ਹੋਇਆ ਹੈ। ਪੁਰਾਣਾ ਮੰਦਰ ਕਿਧਰੇ ਹੋਰ ਹੋਵੇਗਾ। ਬਨਾਰਸ ਸ਼ਹਿਰ ਵਿਚ ਹੀ ਪ੍ਰਸਿੱਧ ਕਾਸ਼ੀ ਵਿਸ਼ਵਨਾਥ ਜੀ ਦਾ ਮੰਦਿਰ ਹੈ। ਇਤਿਹਾਸਿਕ ਗਵਾਹੀ ਮਿਲਦੀ ਹੈ ਕਿ ਇਸ ਗੁੰਬਦ ਉਪਰ ਮਹਾਰਾਜਾ ਰਣਜੀਤ ਸਿੰਘ ਨੇ ਸੰਨ 1839 ਦੇ ਅਰੰਭ ਵਿਚ ਸੋਨਾ ਜਾਂ ਸੋਨੇ ਦੇ ਪੱਤਰੇ ਲਗਵਾਏ/ਚੜਾਏ ਸਨ। ਬਨਾਰਸ ਵਿਖੇ ਪਹੁੰਚੀ ਸਾਰੀ ਸੰਗਤ ਦੇ ਰਹਿਣ ਅਤੇ ਲੰਗਰ-ਪਾਣੀ ਦਾ ਬਹੁਤ ਬਧੀਆ ਇੰਤਜਾਮ ਸੰਤ ਮਨਜੀਤ ਸਿੰਘ ਨੇ ਆਪਣੇ ਵੱਡੇ ਭਰਾਵਾਂ ਦੇ ਪਰਿਵਾਰਾਂ ਸਮੇਤ) ਕੀਤਾ। ਹੈਦਰਾਬਾਦ ਤੋਂ (ਸੂਬਾ) ਬੀਬੀ ਸੁਖਵਿੰਦਰ ਕੌਰ (ਰਾਣੀ) ਤੇ ਕੁਝ ਹੋਰ ਸਰੀਰ ਥਾਈਲੈਂਡ ਤੋਂ ਆਏ ਹੋਏ ਸਨ।ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਬਨਾਰਸ ਵਿਖੇ ਆਮਦ ਨੇ ਸਾਧ-ਸੰਗਤ ਨੂੰ ਇਕੱਠਿਆਂ ਕਰ ਦਿੱਤਾ ਤੇ ਮੇਲਾ ਵੀ ਬਣ ਗਿਆ।ਸਭ ਦਾ ਧੰਨਵਾਦ।

**-ਮਹਿੰਦਰ ਸਿੰਘ ਕੂਕਾ**

---

## "ਫਗਵਾੜਾ ਵਿਖੇ ਸਤਿਗੁਰੂ ਨਾਨਕ ਦੇਵ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਪੁਰਬ"

ਅੱਜ ਮਿਤੀ 9/12/2018 ਦਿਨ ਐਤਵਾਰ ਨੂੰ ਸ੍ਰੀ ਸਤਿਗੁਰੂ ਉਸੇ ਸਿੰਘ ਜੀ ਦੀ ਅਪਾਰ ਕਿਰਪਾ ਦੁਆਰਾ ਨਾਮਧਾਰੀ ਧਰਮਸ਼ਾਲਾ ਫਗਵਾੜਾ ਵਿਖੇ ਕਨੇਡਾ ਤੋਂ ਬੀਬੀ ਬਸੰਤ ਕੌਰ ਦੇ ਸਮੂਹ ਪ੍ਰਵਾਰ ਨੇ ਫਗਵਾੜਾ ਦੀ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ। ਸਭ ਤੋਂ ਪਹਿਲਾਂ ਸਵੇਰੇ ਇਕ ਸਹਜ ਪਾਠ ਦਾ ਭੋਗ ਪਾਇਆ ਗਿਆ ਉਪਰੰਤ ਕਾਕਾ ਗੁਰਮੀਤ ਸਿੰਘ ਨੇ ਇਕ ਸ਼ਬਦ ਪੜ੍ਹਿਆ, ਬੋਲ ਸਨ- ਜਗਜੀਤ ਗੁਰੂ ਤੇਰੇ ਦਰ ਉੱਤੇ ਜਿਸਨੇ ਵੀ ਸੀਸ ਝੁਕਾਇਆ ਏ, ਉਸ ਨੂੰ ਲੋੜ ਨਈਂ ਫਿਰ ਮੰਗਣ ਦੀ ਬਿਨ ਮੰਗਿਆਂ ਸਭ ਕੁਝ ਪਾਇਆ ਏ। ਠੀਕ ਗਿਆਰਾਂ ਵਜੇ ਸ੍ਰੀ ਭੈਣੀ ਸਾਹਿਬ ਤੋਂ ਆਏ ਜਥੇਦਾਰ ਪ੍ਰੀਤਮ ਸਿੰਘ ਨੇ- 'ਸੋਹੇ ਬੰਕ ਦੁਆਰ' ਅੱਜ ਮੇਰੇ ਸੋਹੇ ਨੇ ਅਤੇ ਬਾਰ੍ਹਮੇਂ ਗੁਰਾਂ ਨੂੰ ਕਰਾਂ ਬੰਦਨਾਂ ਪਿਆਰਿਆ ਸ਼ਬਦਾਂ ਦੀ ਧਾਰਨਾ ਲੈ ਕੇ ਕਰੀਬ ਡੇਢ ਘੰਟੇ ਦਾ ਦੀਵਾਨ ਸਜਾਇਆ ਉਨ੍ਹਾਂ ਪਾਤਸ਼ਾਹ ਜੀ ਦੀ ਜੀਵਨੀ ਅਤੇ ਕੌਤਕਾਂ ਦਾ ਵਰਨਣ ਕਰਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਛੋਟੀਆਂ ਬੱਚੀਆਂ ਅਰਸ਼ ਕੌਰ ਬਲਵੰਤ ਕੌਰ ਤੇ ਗੁਰਬਖਸ਼ ਕੌਰ ਨੇ ਇਕ ਗੀਤ ਗਾਇਆ ਬੋਲ

ਸਨ– ਗੁਰੂ ਨਾਨਕ ਪੰਜਾ ਲਾਇਆ ਵਿਚ ਪਹਾੜਾਂ ਦੇ ਅਤੇ ਅੱਜ ਆਇਆ ਧਰਤੀ ਤੇ ਜਗਜੀਤ ਪਿਆਰਾ ਏ। ਕਵੀਸ਼ਰੀ ਬੱਚੀਆਂ ਗਿਆਨ ਕੌਰ ਤੇ ਗੁਣਵੰਤ ਕੌਰ ਨੇ ਪੜੀ। ਇਕ ਗੀਤ ਬੀਬੀ ਇਕਵਿੰਦਰ ਕੌਰ, ਤਰਨ ਕੌਰ ਤੇ ਬਿਕਰਮ ਕੌਰ ਨੇ ਪੜ੍ਹਿਆ। ਉਪਰੰਤ ਸੂਬਾ ਜਸਬੀਰ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਸਵਾ ਲੱਖ ਪਾਠਾਂ ਬਾਰੇ ਸਾਧ ਸੰਗਤ ਨੂੰ ਪ੍ਰੇਰਿਆ ਕਿ ਜੇਕਰ ਆਪਾਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੇ ਚਾਹਵਾਨ ਹਾਂ ਤਾਂ ਜਿੰਨ੍ਹਾਂ ਨੇ ਪਾਠ ਨਹੀਂ ਲਏ ਉਹ ਜਰੂਰ ਲੈ ਕੇ ਪਾਠ ਪੂਰੇ ਕਰਨ, ਸੂਬਾ ਜੀ ਨੇ ਬੀਬੀ ਬਸੰਤ ਕੌਰ ਕਨੇਡਾ ਵਾਸੀ ਜੋ ਹਰ ਸਾਲ ਇਹ ਮੇਲਾ ਕਰਵਾਉਂਦੇ ਹਨ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਜਲੰਧਰ ਤੋਂ ਉਚੇਚੇ ਪਹੁੰਚੇ ਪ੍ਰਧਾਨ ਨਰੈਣ ਸਿੰਘ, ਬਿਰਕਾਂ ਧਰਮਸ਼ਾਲਾ ਦੇ ਮਹੰਤ ਰਣਧੀਰ ਸਿੰਘ ਪਿੰਡ ਵੱਲੋਂ ਸਨਮਾਨਿਤ ਕੀਤਾ ਗਿਆ। ਮੰਡੀ ਤੋਂ ਸੇਵਾ ਸਿੰਘ ਜੀ ਵਲੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਲਿਖੀਆਂ ਸਾਖੀਆਂ ਵਾਲੀਆਂ ਕਿਤਾਬਾਂ ਵੀ ਇਸ ਮੌਕੇ ਵੰਡੀਆਂ ਗਈਆਂ, ਮੇਲੇ ਦੀ ਸਮਾਪਤੀ ਦੀ ਅਰਦਾਸ ਉਪਰੰਤ ਗੁਰੂ ਦਾ ਲੰਗਰ ਅਤੁੱਟ ਵਰਤਿਆ।

**–ਬਲਦੇਵ ਸਿੰਘ ਨਾਮਧਾਰੀ,ਫਗਵਾੜਾ**

---

## ਨਾਮਧਾਰੀ ਸੀਡਜ਼ ਬਿੜਦੀ (ਬੰਗਲੌਰ) ਵਿਖੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਦਿਵਸ

ਨਾਮਧਾਰੀ ਸੀਡਜ਼ ਬਿੜਦੀ (ਬੰਗਲੌਰ) ਵਿਖੇ ਦੋ ਪਾਤਸ਼ਾਹੀਆਂ ਦਾ ਪ੍ਰਕਾਸ਼ ਦਿਵਸ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਨਾਇਆ ਗਿਆ। ਜਿਸ ਕਰਨਾਟਕਾ ਦੇ ਕਲਚਰ ਅਨੁਸਾਰ ਖੇਡਾਂ, ਗਮੋਲੀ ਆਦਿ ਕੀਤੇ ਗਏ। ਹਰ ਰੋਜ ਦੀ ਤਰਾਂ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਬਲਬੀਰ ਸਿੰਘ, ਹਰਸਾ ਸਿੰਘ, ਲੱਖਾ ਸਿੰਘ ਜਸਪ੍ਰੀਤ ਸੀਨੀਅਰ, ਜਸਪ੍ਰੀਤ ਜੂਨੀਅਰ ਅਤੇ ਤਬਲੇ ਤੇ ਬਸੰਤ ਸਿੰਘ ਨੇ ਇਨਾਂ ਦਾ ਸਾਥ ਦਿੱਤਾ। ਸੰਤ ਗਿਆਨ ਸਿੰਘ ਜੀ, ਸਤੀਸ਼ ਬੰਗਰ ਐਚ ਆਰ, ਅਤੇ ਇਨਾਂ ਦੀ ਟੀਮ ਨੇ ਇਸ ਪ੍ਰੋਗਰਾਮ ਨੂੰ ਬੜੇ ਸੁਚੱਜੇ ਢੰਗ ਨਾਲ ਉਲੀਕਿਆ ਅਤੇ ਜ਼ੁੰਮੇਵਾਰੀ ਨਾਲ ਨਿਭਾਇਆ। ਕਰੀਬ ਦੋ ਦਿਨ ਦਾ ਇਹ ਸਾਰਾ ਪ੍ਰੋਗਰਾਮ ਜਿਸ ਵਿਚ ਖੇਡਾਂ ਕ੍ਰਿਕਟ, ਬਾਲੀਵਾਲ, ਰੱਸਾ–ਕਸ਼ੀ, ਭਾਮੋਲੀਆ ਹੋਰ ਬਹੁਤ ਸਾਰੀਆਂ ਖੇਡਾਂ ਕੀਤੀਆਂ ਗਈਆਂ। ਜਿਸ ਦਾ ਵੇਰਵਾ ਅੱਗੇ ਇਨਾਮਾਂ ਦੀ ਵੰਡ ਤੇ ਕੀਤਾ ਜਾਵੇਗਾ ।

ਇਸ ਪ੍ਰੋਗਰਾਮ ਵਿਚ ਨਾਮਧਾਰੀ ਸੀਡਜ਼ ਸਾਊਥ ਦੇ ਹਰ ਬਰਾਂਚ ਤੋਂ ਜੂਨੀਅਰ, ਸੀਨੀਅਰ ਖਿਡਾਰੀ ਹਿੱਸਾ ਲੈਂਦੇ ਹਨ ਅਤੇ ਸਤਿਗੁਰੂ ਜੀ ਦੀ ਖੁਸ਼ੀਆਂ ਦੇ ਪਾਤਰ ਬਣਦੇ ਹਨ।

ਅੱਜ ਦਾ ਦਿਨ  ਹਰ ਇਕ ਖੇਡ ਦੇ ਫਾਈਨਲ ਦੇ ਨਤੀਜੇ ਦਾ ਦਿਨ ਸੀ ਅਤੇ ਹਰ ਇਕ ਖਿਡਾਰੀ ਦੇ ਮਨ ਵਿਚ ਇਕ ਹੀ ਇੱਛਾ ਸੀ ਕਿ ਫਾਈਨਲ ਜਿੱਤ ਦੀ ਪ੍ਰਾਪਤੀ ਅਤੇ ਸ੍ਰੀ ਸਤਿਗੁਰੂ ਜੀ ਦੇ ਕਰ ਕਮਲਾਂ ਤੋਂ ਇਨਾਮ ਦੀ ਪ੍ਰਾਪਤੀ ਹੋਵੇ। ਸਟੇਜ ਸਕੱਤਰ ਦੀ ਭੂਮਿਕਾ ਸੁਰੇਸ਼ ਨੇ ਨਿਭਾਈ।

ਪ੍ਰੋਗਰਾਮ ਦੀ ਸ਼ੁਰੂਆਤ ਦੀਪ ਪ੍ਰਜਵਲ ਕਰਕੇ ਕੀਤੀ ਗਈ। ਦੀਪ ਪ੍ਰਜਵਲਤ ਦੀ ਰਸਮ ਮਾਤਾ ਜੀ, ਗੁਰਮੁਖ ਰੂਪਰਾਏ, ਮੰਜੂ ਨਾਥ ਅਤੇ ਸੁਨੀਲ ਸਾਬਰੀ ਨੇ ਕੀਤੀ।

1) Brochevare-Varusa(Ragg Khanas-adi taal
2) Shlekas- S.guru-Venee Karunisadiralu- Rugg- Varamu- Adi taal
3) Shiva- Shiva Enniro –Ragg Shivaranjani- Adi tall
4) Ugaabhoga and Pavanama Pudu- Ragg Hamsanandi- Adi tall
5) Bhajan- Thumakhe Chalath
6) Jagadodhasana- Ragg Kaapi- Adi taal
7) Raagi Tandirya- Ragg-Nadara Makriya- Adi tall
8) Bhajan- PayojI maine
9) Bhagyalakshmi Basanna

ਸਰੋਤਾ ਜਨ ਨੇ ਰਾਗ ਦਾ ਅਤੇ ਭਜਨ ਦਾ ਆਨੰਦ ਮਾਣਿਆ। ਪਰ ਹਰ ਇਕ ਉਸ ਵਕਤ ਦੀ ਉਡੀਕ ਚੋਂ ਸੀ ਕਿ ਈਨਾਮ ਵੰਡ ਦੀ ਰਸਮ ਕਦੋਂ ਸ਼ੁਰੂ ਹੁੰਦੀ ਹੈ। ਕਰੀਬ ਇਕ ਘੰਟਾ ਪੰਦਰਾਂ ਮਿਨਟ ਦੇ ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਈਨਾਮ ਵੰਡ ਦੀ ਰਸਮ ਸ਼ੁਰੂ ਹੋਈ। ਈਨਾਮ ਪ੍ਰਾਪਤ ਕਰਨ ਵਾਲੀਆਂ ਟੀਮਾਂ ਦਾ ਵੇਰਵਾ ਇਸ ਪ੍ਰਕਾਰ ਹੈ।

1.**ਕ੍ਰਿਕਟ:** ਪਹਿਲੇ ਸਥਾਨ ਦਾ ਈਨਾਮ ਐਗਰੋ ਫਰੈਸ਼ ਦੇ ਖਿਡਾਰੀਆਂ ਨੂੰ ਮਿਲਿਆ। ਦੂਸਰੇ ਸਥਾਨ ਦਾ ਈਨਾਮ ਸੀਤਾ ਵਿਹਾਰ ਹਾਉਸ ਦੀ ਟੀਮ ਦੇ ਹਿੱਸੇ ਆਇਆ।

2.**ਵਾਲੀਬਾਲ:** ਪਹਿਲਾ ਸਥਾਨ ਪੁਰਾਣੀ ਫਰੈਸ਼ ਦੀ ਟੀਮ ਦੇ ਹਿੱਸੇ ਆਇਆ। ਦੂਸਰਾ ਸਥਾਨ ਫਰੈਸ਼ ਨਵੀਂ ਦੀ ਟੀਮ ਦੇ ਹਿੱਸੇ 'ਚ ਆਇਆ।

3. **Tugwar:** ਪਹਿਲਾ ਸਥਾਨ R/D ਦੀ ਟੀਮ ਦੇ ਹਿੱਸੇ ਆਇਆ। ਦੂਸਰਾ ਸਥਾਨ Tugwar ਫਰੈਸ਼ ਦੇ ਹਿੱਸੇ ਆਇਆ।

4. **Sack Race:** ਪਹਿਲਾ ਸਥਾਨ ਸੁਨੀਲ ਕੁਮਾਰ ਵੀਅਰ ਹਾਊਸ ਦੇ ਹਿੱਸੇ ਆਇਆ। ਦੂਸਰਾ ਸਥਾਨ ਮਨਦੀਪ ਸਿੰਘ R/D ਨੂੰ

ਮਿਲਿਆ।

1. 3 **ਕਿਲੋ ਮੀਟਰ ਦੌੜ:** ਪਹਿਲਾ ਸਥਾਨ ਕ੍ਰਿਸ਼ਨਾ ਜੋ ਕਿ ਬੇਬੀ ਕਾਰਨ ਚਿਲਮ ਵਿਚ ਕੰਮ ਕਰਦਾ ਹੈ ਇਸ ਦੇ ਹਿੱਸੇ ਆਇਆ। ਦੂਸਰਾ ਸਥਾਨ ਗੁਰਤੇਜ ਸਿੰਘ ਉਟੀ ਨੂੰ ਮਿਲਿਆ। ਤੀਸਰਾ ਸਥਾਨ ਪਰਨਾਮ ਸਿੰਘ ਨੂੰ ਮਿਲਿਆ।

2. **100 ਮੀਟਰ ਦੌੜ ਸੀਨੀਅਰ ਸਟਾਫ:** ਪਹਿਲਾ ਸਥਾਨ ਨਟਰਾਜ ਅਕਾਊਂਟ ਦੇ ਹਿੱਸੇ ਆਇਆ। ਦੂਸਰਾ ਸਥਾਨ ਸਵਿੰਦਰ ਸਿੰਘ ਦੇ ਹਿੱਸੇ ਆਇਆ। ਤੀਸਰਾ ਸਥਾਨ ਨਵੀਨ ਕੁਮਾਰ ਦੇ ਹਿੱਸੇ ਆਇਆ।

3. **Running ਸਟਾਫ 100 M. :** ਪਹਿਲਾ ਸਥਾਨ ਸੁਨੀਲ ਕੁਮਾਰ ਸੀਡ ਵੇਅਰ ਹਾਊਸ ਨੂੰ ਪ੍ਰਾਪਤ ਹੋਇਆ।

ਦੂਸਰਾ ਸਥਾਨ ਦੇਵੀ ਪ੍ਰਸਾਦ (Flower Rech) ਅਾਟੀ ਨੂੰ ਪ੍ਰਾਪਤ ਹੋਇਆ। ਤੀਸਰਾ ਸਥਾਨ ਮਨਦੀਪ ਸਿੰਘ R/D ਦੇ ਹਿੱਸੇ ਆਇਆ।

1. **Running 100 M ਲੇਬਰ ਸੁਪਰਵਾਈਜ਼ਰ :** ਪਹਿਲਾ ਸਥਾਨ ਪਰਨਾਮ ਸਿੰਘ ਨੂੰ ਮਿਲਿਆ। ਦੂਸਰਾ ਸਥਾਨ ਕ੍ਰਿਸ਼ਨਾ ਬੇਬੀ ਕਾਰਨ ਫਿਲਿੰਗ ਏਰੀਆ ਨੂੰ ਪ੍ਰਾਪਤ ਹੋਇਆ। ਦੂਸਰਾ ਸਥਾਨ ਦਲੀਪ ਕੁਮਾਰ ਡੈਰੀ ਨੂੰ ਮਿਲਿਆ।

**(Women)**

1. **Rangoli Flower Decoration (Labour) 30 Yrs :** ਪਹਿਲਾ ਸਥਾਨ ਭਵਾਨੀ ਨੇ ਪ੍ਰਾਪਤ ਕੀਤਾ। ਦੂਸਰਾ ਸਥਾਨ ਸ਼ਵੇਤਾ ਡੀ. ਨੇ ਪ੍ਰਾਪਤ ਕੀਤਾ। ਤੀਸਰਾ ਸਥਾਨ ਪੂਜਾ ਸ੍ਰੀ (R/D) ਨੇ ਪ੍ਰਾਪਤ ਕੀਤਾ।

2. **Nose Dive (labour) :** ਪਹਿਲਾ ਸਥਾਨ ਹੇਮਾ ਨਿਊ ਫਰਿਸ਼ਾ ਦੇ ਹਿੱਸੇ ਆਇਆ। ਦੂਸਰਾ ਸਥਾਨ ਸ਼ੋਭਾ ਆਰ/ ਡੀ. ਨੂੰ ਮਿਲਿਆ। ਤੀਸਰਾ ਸਥਾਨ ਰੂਪਾ ਫਰਿਸ਼ ਪੁਰਾਣੀ ਨੂੰ ਮਿਲਿਆ।

3. **Rapid Fire (Labour) :** R/ D Dept. ਦੀ ਪੂਜਾ ਦੇ ਹਿੱਸੇ ਆਇਆ। ਦੂਸਰਾ ਸਥਾਨ ਸ਼ਿਵ ਅੱਮਾ (Grosary) ਨੂੰ ਮਿਲਿਆ। ਤੀਸਰਾ ਸਥਾਨ ਰੂਪਾ ਫਰਿਸ Export ਨੂੰ ਮਿਲਿਆ।

4. **Bit Dicey (Staff) :** ਪਹਿਲਾ ਸਥਾਨ ਸ਼ਿਲਪਾ R/D ਦੇ ਹਿੱਸੇ ਆਇਆ। ਦੂਸਰਾ ਸਥਾਨ ਗੁਰਪ੍ਰੀਤ ਕੌਰ ਫਰਿਸ ਪੱਕ ਹਾਊਸ ਦੇ ਹਿੱਸੇ ਆਇਆ। ਤੀਸਰਾ ਸਥਾਨ ਜਸ਼ਨਦੀਪ ਕੌਰ ਅਕਾਊਂਟ ਨੂੰ ਮਿਲਿਆ।

5. **This Blows (Staff) :** ਪਹਿਲਾ ਸਥਾਨ ਸ਼ਿਲਪਾ R/D ਨੂੰ ਮਿਲਿਆ। ਦੂਸਰਾ ਸਥਾਨ ਜਸ਼ਨਦੀਪ ਕੌਰ ਅਕਾਊਂਟ ਨੂੰ ਮਿਲਿਆ। ਤੀਸਰਾ ਸਥਾਨ ਵੀਨਾ R/D ਨੂੰ ਮਿਲਿਆ।

**Child (ਬੱਚੇ 5–8 ਸਾਲ)**

1. **Runicq Race 100 M :** ਪਹਿਲਾ ਸਥਾਨ ਕਾਰਥਿਕ ਕੇ ਨੂੰ ਮਿਲਿਆ। ਦੂਸਰਾ ਸਥਾਨ ਭਾਵਿਨਾ ਨੂੰ ਮਿਲਿਆ। ਤੀਸਰਾ ਸਥਾਨ ਹਰਸਿਮਰਨ ਕੌਰ ਨੂੰ ਮਿਲਿਆ।

2. **Running 100 M. Age 9-15 Years :** ਪਹਿਲਾ ਸਥਾਨ ਪ੍ਰਤਾਪ ਸਿੰਘ S/O ਪ੍ਰੀਤਮ ਸਿੰਘ ਨੂੰ ਮਿਲਿਆ। ਦੂਸਰਾ ਸਥਾਨ ਹੇਮੱਤ ਨੂੰ ਮਿਲਿਆ। ਤੀਸਰਾ ਸਥਾਨ ਲਕਸ਼ਮਣ ਰਾਮ ਨੂੰ ਮਿਲਿਆ।

3. **Drawing And Painting 5-8 Years :** ਪਹਿਲਾ ਸਥਾਨ ਕਰਣ ਕੁਮਾਰ S/O ਜਤਿੰਦਰ ਰਾਮ ਨੂੰ ਮਿਲਿਆ। ਦੂਸਰਾ ਸਥਾਨ ਭਾਵਨਾ –ਬੀ–ਐਚ S/O ਬੀਰਅੱਪਾ ਸੀ–ਐਚ ਨੂੰ ਮਿਲਿਆ। ਤੀਸਰਾ ਸਥਾਨ ਵਿਸ਼ਨੂ S/O ਨਾਗਰਾਜ (Teniss Coach) ਨੂੰ ਮਿਲਿਆ।

4. **Drawing And Painting 9-15 Years :** ਪਹਿਲਾ ਸਥਾਨ ਸਰੋਜ ਕੁਮਾਰ ਨੂੰ ਮਿਲਿਆ। ਦੂਸਰਾ ਸਥਾਨ ਸੰਦੇਸ਼ ਕੁਮਾਰ S/O ਰਾਮ ਦਿਆਲ ਨੂੰ ਮਿਲਿਆ। ਤੀਸਰਾ ਸਥਾਨ ਮਨਕੀਰਤ ਕੌਰ D/O ਜਸਵੀਰ ਸਿੰਘ ਨੂੰ ਮਿਲਿਆ।

5. **Scramble :** ਪਹਿਲਾ ਸਥਾਨ ਸੁਦੇਸ਼ ਕੁਮਾਰ ਨੂੰ ਮਿਲਿਆ।ਦੂਸਰਾ ਸਥਾਨ ਪ੍ਰਤਾਪ ਸਿੰਘ S/O ਪ੍ਰੀਤਮ ਸਿੰਘ ਫਰਿਸ ਨੂੰ ਮਿਲਿਆ। ਤੀਸਰਾ ਸਥਾਨ ਬਸੰਤ ਕੌਰ D/O ਬਲਵੀਰ ਸਿੰਘ ਰਾਗੀ ਨੂੰ ਮਿਲਿਆ।


6. **Face the Cookies :** ਪਹਿਲਾ ਸਥਾਨ ਬਸੰਤ ਸਿੰਘ S/O ਬਲਦੇਵ ਸਿੰਘ ਨੂੰ ਮਿਲਿਆ। ਦੂਸਰਾ ਸਥਾਨ ਅਰਜਨ ਸਿੰਘ S/O ਅਮਨਦੀਪ ਸਿੰਘ ਨੂੰ ਮਿਲਿਆ। ਤੀਸਰਾ ਸਥਾਨ ਨਿਹਾਲ ਕੌਰ D/O ਨਛੱਤਰ ਸਿੰਘ ਨੂੰ ਮਿਲਿਆ।

**Women 50 Years Moving Cup :** ਪਹਿਲਾ ਸਥਾਨ ਗੁਰ ਲਕਸ਼ਮਣ ਰਾਮਾ ਨੂੰ ਮਿਲਿਆ। ਦੂਸਰਾ ਸਥਾਨ ਸਨਅੱਮਾ (ਕਰਣ ਸਿੰਘ ਗਰੀਨ ਹਾਊਸ) ਨੂੰ ਹੋਇਆ। ਤੀਸਰਾ ਸਥਾਨ ਮੱਗਅੱਮਾ ਨੂੰ ਮਿਲਿਆ।

**Quiz ਸੀਨੀਅਰ ਸਟਾਫ** : ਪਹਿਲਾ ਸਥਾਨ ਸੁਨੀਲ ਆਬਰੀ ਦੀ ਟੀਮ ਨੂੰ ਮਿਲਿਆ। ਦੂਸਰਾ ਸਥਾਨ ਗੁਰਮੂਰਤੀ R/D ਦੀ ਟੀਮ ਨੂੰ ਮਿਲਿਆ।

**–ਸੂਬਾ ਅਮਰੀਕ ਸਿੰਘ**

9 ਦਿਸੰਬਰ 2018. ਸਥਾਨ ਅਮਰ ਬੈਂਕੁਅਟ ਹਾਲ ਰਾਮਕਟੋਰਾ, ਵਾਰਾਨਸੀ ਵਿਖੇ ਸੰਗੀਤ ਸੰਮੇਲਨ ਦੀਆਂ ਝਲਕੀਆਂ। ਇਸ ਸੰਗੀਤ ਦਾ ਆਯੋਜਨ: ਸ.ਅਜੀਤ ਸਿੰਘ ਦੇ ਪ੍ਰਵਾਰ ਵੱਲੋਂ ਕੀਤਾ ਗਿਆ।



ਪੰ: ਪੂਰਨ ਮਹਾਰਾਜ ਨੂੰ ਸ੍ਰੀ ਸਤਿਗੁਰੂ ਜੀ ਨਿਵਾਜਦੇ ਹੋਏ



ਸ੍ਰੀ ਮਾਤਾ ਜੀ ਨੂੰ ਫੁੱਲ ਭੇਟ ਕਰਕੇ ਜੀ ਆਇਆਂ....



ਸਿਤਾਰ ਵਾਦਨ



ਸਿਤਾਰ ਵਾਦਨ ਤੇ ਉਨ੍ਹਾਂ ਦਾ ਸਾਥੀ ਅਸ਼ੀਰਵਾਦ ਪ੍ਰਾਪਤ ਕਰਦੇ ਹੋਏ



ਕੱਥਕ ਨ੍ਰਿਤ



ਕੱਥਕ ਨ੍ਰਿਤ ਤੇ ਉਨ੍ਹਾਂ ਦਾ ਸਾਥੀ ਅਸ਼ੀਰਵਾਦ ਪ੍ਰਾਪਤ ਕਰਦੇ ਹੋਏ



ਅਸ਼ੀਰਵਾਦ ਪ੍ਰਾਪਤ ਕਰਦੇ ਹੋਏ ਸੰਗੀਤਕਾਰ



ਬਲਵੰਤ ਸਿੰਘ, ਹਰਵਿੰਦਰ ਸਿੰਘ, ਸ਼ਾਮ ਸਿੰਘ ਅਤੇ
ਤਬਲੇ ਤੇ ਹਰਪ੍ਰੀਤ ਸਿੰਘ ਸੋਨੂੰ

Date of Publication:26-12-2018,
Date of Posting: 27-28 Dec.2018

RNI NO. 55658/93 Delhi Postal Regd. No. DL(W) 01/2055/18-20






# ਸ਼ਹੀਦੀ ਮੇਲਾ ਮਲੇਰਕੋਟਲਾ

## 17-18 ਜਨਵਰੀ 2019 (੪-੫ ਮਾਘ ੨੦੭੫)

## ਸ਼ਹੀਦੀ ਸਮਾਰਕ ਮਲੇਰਕੋਟਲਾ ਵਿਖੇ ਮਨਾਇਆ ਜਾ ਰਿਹਾ ਹੈ

## ਅਤੇ

## ਮੇਲਾ ਬਸੰਤ ਪੰਚਮੀ

## (ਪ੍ਰਕਾਸ਼ ਪੁਰਬ ਸ੍ਰੀ ਸਤਿਗੁਰੂ ਰਾਮ ਸਿੰਘ ਜੀ)

## 10 ਫਰਵਰੀ 2019 (੨੮ ਮਾਘ ੨੦੭੫) ਨੂੰ

## ਸ੍ਰੀ ਭੈਣੀ ਸਾਹਿਬ ਮਨਾਇਆ ਜਾਵੇਗਾ।

## ਇਹ ਮੇਲੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਨਾਏ ਜਾਣਗੇ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.